People's Herald

People's Herald

Rs- 160/month



# “ਇਕੁਐਲਿਟੀ ਐਂਡ ਜਸਟਿਸ”



https://www.facebook.com/profile.php?id=161037521061610

ਪਟਿਆਲਾ

“Equality and Justice”

स्वतंत्रता, समानता, भाईचारा

PATIALA On line paper 25 ਅਕਤੂਬਰ 2025 ਸਨਿੱਚਰਵਾਰ “ਰੋਜ਼ਾਨਾ” ਚੌਥਾ ਸਾਲ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay91-9463601616 HARDIP SINGH STATE BANK OF INDIA ACCT NO-10566643658 . IFSC- SBIN0050773

## ਪੰਜਾਬ ਦੇ ਮੁਢਲੇ ਅੰਬੇਡਕਰਵਾਦੀ ਸ੍ਰੀ ਕੇ. ਸੀ. ਦੀ ਯਾਦ ਨੂੰ ਸਮਰਪਿਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 24 ਅਕਤੂਬਰ INTERNATIONAL PAPER, 94636 01616 hardipchumber57@gmail.com

ਦਲਿਤ ਪੱਤਰਕਾਰਤਾ ਦੇ ਇਤਿਹਾਸ ਵਿਚ ‘ਆਦਿ ਡੰਕਾ’ ਸਪਤਾਹਿਕ ਉਰਦੂ ਤੋਂ ਬਾਅਦ ਸਪਤਾਹਿਕ ‘ਉਜਾਲਾ’ ਉਰਦੂ ਸੰਪਾਦਕ ਸ੍ਰੀ ਕੇ.ਸੀ. ਸੁਲੇਖ ਦਾ ਜ਼ਿਕਰ ਕਰਨਾ ਬਹੁਤ ਮਹੱਤਵਪੂਰਨ ਹੈ। ਇਨ੍ਹਾਂ ਦੀ ਸੰਪਾਦਨਾ ਵਿਚ ਉਜਾਲਾ ਦੇ ਕੁਝ ਅੰਕ ਪੰਜਾਬੀ ਵਿਚ ਵੀ ਪ੍ਰਕਾਸ਼ਤ ਹੋਏ। ਕੇ.ਸੀ. ਸੁਲੇਖ ਪੰਜਾਬ ਦੇ ਮੁਢਲੇ ਅੰਬੇਡਕਰਵਾਦੀਆਂ ਵਿਚ ਸ਼ਾਮਲ ਕੀਤੇ ਜਾ ਸਕਦੇ ਹਨ। ਜਿਨ੍ਹਾਂ ਨੇ ਆਖਰੀ ਉਮਰ ਤੱਕ ਅੰਬੇਡਕਰੀ ਵਿਚਾਰਧਾਰਾ ਨਾਲ ਵਫ਼ਾ ਨਿਭਾਈ। 1951 ਵਿਚ ਜਦੋਂ ਡਾ. ਅੰਬੇਡਕਰ ਸਾਹਿਬ ਪੰਜਾਬ ਦੀ ਫੇਰੀ ’ਤੇ ਆਏ ਸੁਲੇਖ ਸਾਹਿਬ ਨਾ ਕੇਵਲ ਉਨ੍ਹਾਂ ਦਾ ਸਾਥ ਦਿੱਤਾ ਸਗੋਂ ਚਸ਼ਮਦੀਦ ਗਵਾਹ ਵਜੋਂ ਸਟੇਜ ਸਕੱਤਰ ਦੀ ਭੂਮਿਕਾ ਵੀ ਨਿਭਾਈ। ਇਹ ਅਜਿਹਾ ਮੌਕਾ ਸੀ ਜਿਥੇ ਪੰਜਾਬੀ ਦੇ ਮਸ਼ਹੂਰ ਸ਼ਾਇਰ ਗੁਰਦਾਸ ਰਾਮ ਆਲਮ ਨੂੰ ਅੰਬੇਡਕਰ ਸਾਹਿਬ ਦੀ ਹਾਜ਼ਰੀ ਵਿਚ ਆਪਣੀਆਂ ਕਵਿਤਾਵਾਂ ਪੜ੍ਹਨ ਦਾ ਮੌਕਾ ਮਿਲਿਆ। ਜਲੰਧਰ, ਲੁਧਿਆਣਾ ਅਤੇ ਪਟਿਆਲਾ ਦੇ ਅੰਬੇਡਕਰ ਸਾਹਿਬ ਦੇ



ਸਮਾਗਮਾਂ ਦੇ ਸੁਲੇਖ ਸਾਹਿਬ ਇਕਮਾਤਰ ਗਵਾਹ ਸਨ। ਸਰਕਾਰੀ ਨੌਕਰੀ ’ਚ ਆਉਣ ਉਪਰੰਤ ਵੀ ਉਹ ਆਪਣਾ ਨਾਂ ਬਦਲ ਕੇ ਸਪਤਾਹਿਕ ‘ਉਜਾਲਾ’ ਲਈ ਲਿਖਦੇ ਰਹੇ।

ਸੁਲੇਖ ਸਾਹਿਬ ਦੀ ਸਭ ਤੋਂ ਵੱਡੀ ਖੂਬੀ ਇਹ ਸੀ ਕਿ ਉਹ ਅੰਬੇਡਕਰ ਸਾਹਿਬ ਦੇ ਵਿਰੋਧੀਆਂ ਨੂੰ ਕਰੜੇ ਹੱਥੀਂ ਲੈਂਦੇ ਸਨ। ਆਪਣੇ ਤਰਕ ਅਤੇ ਬੇਬਾਕ ਟਿੱਪਣੀਆਂ ਨਾਲ ਵਿਰੋਧੀਆਂ ਦੇ ਪੈਰ ਉਖਾੜ ਦਿੰਦੇ ਸਨ। ਉਨ੍ਹਾਂ ਦੇ ਸਾਹਮਣੇ ਭਾਵੇਂ ਕੋਈ ਦਲਿਤ ਚਿੰਤਕ, ਨੇਤਾ, ਮੰਤਰੀ ਜਾਂ ਫਿਰ ਅਫ਼ਸਰ ਕਿਉਂ ਨਾ ਹੋਵੇ ਉਹ ਕਿਸੇ ਦੀ ਪ੍ਰਵਾਹ ਨਹੀਂ ਸਨ ਕਰਦੇ। ਉਨ੍ਹਾਂ ਦੀ ਕੜਕਵੀਂ ਆਵਾਜ਼ ਸਾਹਮਣੇ ਖੜ੍ਹੇ ਬੰਦੇ ਦੇ ਸਾਹ ਸੁਕਾ ਦਿੰਦੀ ਸੀ।

ਉਹ ਇਕ ਅਨੁਵਾਦਕ ਵੀ ਸਨ। ਇਕ ਚੰਗੇ ਵਕਤਾ ਹੋਣ ਦੇ ਨਾਲ ਨਾਲ ਇਕ ਪ੍ਰਬੁੱਧ ਸੰਪਾਦਕ ਅਤੇ ਲੇਖਕ ਵੀ ਸਨ। ਵੱਖ-ਵੱਖ ਸਮਿਆਂ ’ਤੇ ਜਿਹੜੀਆਂ ਆਵਾਜ਼ਾਂ ਦਲਿਤ ਸਮਾਜ ਅਤੇ ਅੰਬੇਡਕਰ ਸਾਹਿਬ ਦੇ ਵਿਰੋਧ ਵਿਚ ਉਠਦੀਆਂ ਸਨ ਉਹ ਉਨ੍ਹਾਂ ਦਾ ਢੁਕਵਾਂ ਜਵਾਬ ਦਿੰਦੇ ਸਨ। ਇਸ ਕਾਰਨ ਭਾਰਤ ਦੇ ਵੱਖ-ਵੱਖ ਖੇਤਰਾਂ ਅਤੇ ਜ਼ਬਾਨਾਂ ਵਿਚ ਛਪਦੇ ਰੋਜ਼ਾਨਾ, ਸਪਤਾਹਿਕ ਅਤੇ ਪੰਦਰਾ ਰੋਜ਼ਾ ਪੇਪਰਾਂ ਵਿਚ ਵੀ ਉਹ ਆਪਣੀਆਂ ਟਿੱਪਣੀਆਂ ਪ੍ਰਕਾਸ਼ਤ ਕਰਵਾਉਂਦੇ ਸਨ। ਉਨ੍ਹਾਂ ਦੀਆਂ ਪੁਸਤਕਾਂ ਵਿਚ ਮਿਸਟਰ ਗਾਂਧੀ ਅਤੇ ਅਛੂਤੋਂ ਦੀ ਆਜ਼ਾਦੀ (ਉਰਦੂ ਅਨੁਵਾਦ 1946), ਡਾ. ਅੰਬੇਡਕਰ ਕੀ ਦ੍ਰਿਸ਼ਟੀ ਮੇਂ ਸੰਵਿਧਾਨ, ਡਾ. ਅੰਬੇਡਕਰ ਕੀ ਸੱਚੀ ਮਹਾਨਤਾ (ਹਿੰਦੀ ਅਨੁਵਾਦ), ਡਾ. ਅੰਬੇਡਕਰ ਵਿਚਾਰਵਲੀ, ਸ਼ੇਰੀ ਬੇਨਵਾਬ, ਦਲਿਤ ਕਿੰਨੇ ਸੁਰੱਖਿਅਤ, ਦਲਿਤ ਸਮਾਜ ਅਤੇ ਉਸ ਦੇ ਮਾਰਕ ਦਰਸ਼ਕ, ਅੰਬੇਡਕਰਵਾਦ ਸੰਖੇਪ ਝਲਕ ਤੋਂ ਬਿਨਾਂ ਮੇਰਾ ਜੀਵਨ ਸੰਘਰਸ਼ ਅੰਬੇਡਕਰ ਜੀਵਨ ਦੇ ਰਾਹ ’ਤੇ ਮੇਰੀ ਸਵੈਜੀਵਨੀ ਅਤੇ ਹਨ੍ਹੇਰੇ ਵਿਚ ਅੰਬੇਡਕਰੀ ਕਿਰਨਾਂ ਆਦਿਕ ਪੁਸਤਕਾਂ ਦੇ ਲੇਖਕ ਕੇ.ਸੀ. ਸੁਲੇਖ ਸਨ।

ਅੱਜ ਉਨ੍ਹਾਂ ਨੂੰ ਯਾਦ ਕਰਦਿਆਂ ਸਾਨੂੰ ਇਹ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਸੁਲੇਖ ਸਾਹਿਬ ਅੱਜ ਸਾਡੇ ਵਿਚਕਾਰ ਨਹੀਂ ਹਨ। ਉਨ੍ਹਾਂ ਦੀ ਬਹੁਤ ਵੱਡੀ ਦਿਲੀ ਇੱਛਾ ਸੀ ਕਿ ਉਨ੍ਹਾਂ ਦੇ ਵਡਮੁੱਲੇ ਸਾਹਿਤਕ ਕਾਰਜ ਨੂੰ ਪੁਸਤਕ ਰੂਪ ਵਿਚ ਸੰਭਾਲਿਆ ਜਾਂਦਾ। ਅਸੀਂ ਉਨ੍ਹਾਂ ਦੇ ਜਿਉਂਦੇ ਜੀਅ ਕੋਸ਼ਿਸ਼ ਕੀਤੀ ਸੀ ਪਰ ਉਹ ਸਾਡੇ ਕੋਲੋਂ ਬਹੁਤ ਜਲਦੀ ਚਲੇ ਗਏ। ਸੰਭਵ ਹੈ ਕਿ ਹੁਣ ਅਸੀਂ ਉਨ੍ਹਾਂ ਦੇ ਅਧੂਰੇ ਕਾਰਜ ਨੂੰ ਪੂਰਾ ਕਰਨ ਦਾ ਯਤਨ ਕਰਾਂਗੇ।

## ਸਰਕਾਰ ਵੱਲੋਂ DA ਵਿਚ 3% ਵਾਧਾ, ਨਵੰਬਰ ਵਿਚ ਵਧ ਕੇ ਆਵੇਗੀ ਤਨਖਾਹ..

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 24 ਅਕਤੂਬਰ INTERNATIONAL PAPER, 94636 01616 hardipchumber57@gmail.com

ਹਰਿਆਣਾ ਸਰਕਾਰ ਨੇ ਕਰਮਚਾਰੀਆਂ ਅਤੇ ਪੈਨਸ਼ਨਰਾਂ ਲਈ ਮਹਿੰਗਾਈ ਭੱਤੇ (DA) ਵਿਚ 3 ਪ੍ਰਤੀਸ਼ਤ ਵਾਧੇ ਦਾ ਐਲਾਨ ਕੀਤਾ ਹੈ। ਮਹਿੰਗਾਈ ਭੱਤਾ ਹੁਣ 55 ਪ੍ਰਤੀਸ਼ਤ ਤੋਂ ਵਧਾ ਕੇ 58 ਪ੍ਰਤੀਸ਼ਤ ਕਰ ਦਿੱਤਾ ਗਿਆ ਹੈ। ਵਧਿਆ ਹੋਇਆ ਭੱਤਾ 1 ਜੁਲਾਈ, 2025 ਤੋਂ ਲਾਗੂ ਹੋਵੇਗਾ। ਤਨਖਾਹਾਂ ਅਤੇ ਪੈਨਸ਼ਨਾਂ ਨੂੰ ਨਵੰਬਰ ਵਿੱਚ ਵਧੀ ਹੋਈ ਤਨਖਾਹ ਮਿਲੇਗੀ।

ਹਰਿਆਣਾ ਦੇ ਲਗਭਗ 6 ਲੱਖ ਨਿਯਮਤ ਕਰਮਚਾਰੀ ਅਤੇ ਪੈਨਸ਼ਨਰ ਇਸ ਯੋਜਨਾ ਦਾ ਲਾਭ ਲੈਣਗੇ। ਉਪਲਬਧ ਅੰਕੜਿਆਂ ਅਨੁਸਾਰ ਰਾਜ ਵਿੱਚ ਲਗਭਗ 3 ਲੱਖ ਨਿਯਮਤ ਕਰਮਚਾਰੀ ਅਤੇ 3 ਲੱਖ ਪੈਨਸ਼ਨਰ ਹਨ।



ਹਰਿਆਣਾ ਸਰਕਾਰ ਦੇ ਵਿੱਤ ਵਿਭਾਗ ਨੇ ਸ਼ੁੱਕਰਵਾਰ ਨੂੰ ਇਹ ਐਲਾਨ ਕੀਤਾ।

## ਪੰਜਾਬ ਕੈਬਨਿਟ ਦੇ ਮੰਤਰੀਆਂ ਨੇ ਮਹਾਰਾਸ਼ਟਰ, ਝਾਰਖੰਡ ਅਤੇ ਦਿੱਲੀ ਦੇ ਮੁੱਖ ਮੰਤਰੀਆਂ ਨੂੰ ਦਿੱਤਾ ਸੱਦਾ

### ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਸਮਾਗਮ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 24 ਅਕਤੂਬਰ INTERNATIONAL PAPER, 94636 01616 hardipchumber57@gmail.com

ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਰਸਮੀ ਤੌਰ ‘ਤੇ ਸੱਦਾ ਦੇਣ ਲਈ ਪੰਜਾਬ ਕੈਬਨਿਟ ਮੰਤਰੀਆਂ ਵੱਲੋਂ ਅੱਜ ਵੱਖ-ਵੱਖ ਰਾਜਾਂ ਦੇ ਮੁੱਖ ਮੰਤਰੀਆਂ ਨਾਲ ਮੁਲਾਕਾਤ ਕੀਤੀ ਗਈ।

ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਵਿਭਾਗ ਦੇ



ਸਲਾਹਕਾਰ ਦੀਪਕ ਬਾਲੀ ਨਾਲ ਮਿਲ ਕੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੂੰ ਯਾਦਗਾਰੀ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ।

ਇਸੇ ਦੌਰਾਨ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਅਤੇ ਹਰਦੀਪ ਸਿੰਘ ਮੁੰਡੀਆਂ ਨੇ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਮਨਾਉਣ ਲਈ ਕਰਵਾਏ ਜਾ ਰਹੇ ਸਮਾਗਮਾਂ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

ਇਸ ਤੋਂ ਇਲਾਵਾ, ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਧ ਨੇ ਦਿੱਲੀ ਦੇ ਮੁੱਖ ਮੰਤਰੀ ਰੇਖਾ ਗੁਪਤਾ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ।

ਇਹ ਮੁਲਾਕਾਤਾਂ ਪੰਜਾਬ ਸਰਕਾਰ ਦੀ ਉਸ ਪਹਿਲਕਦਮੀ ਦਾ ਹਿੱਸਾ ਹਨ, ਜਿਸਦਾ ਉਦੇਸ਼ ‘ਹਿੰਦ ਦੀ ਚਾਦਰ’ ਨੌਵੇਂ ਸਿੱਖ ਗੁਰੂ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਦੀ ਯਾਦ ਵਿੱਚ ਪੰਜਾਬ ਵਿੱਚ ਕਰਵਾਏ ਜਾ ਰਹੇ ਇਤਿਹਾਸਕ ਸਮਾਗਮਾਂ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਨੂੰ ਯਕੀਨੀ ਬਣਾਉਣਾ ਹੈ।

## ਅਮਰੀਕਾ ’ਚ ਕਰੋੜਾਂ ਦੀ ਟਰਾਂਸਪੋਰਟ ਠੱਗੀ ਕਰਦੇ 12 ਪੰਜਾਬੀ ਗ੍ਰਿਫਤਾਰ

### ਸਿੰਘ ਆਰਗੇਨਾਈਜੇਸ਼ਨ ਗੈਂਗ ਵੱਡੀਆਂ ਕੰਪਨੀਆਂ ਦੇ ਨਾਂਅ ਹੇਠ ਢੋਆ-ਢੁਆਈ ਠੇਕੇ ਲੈਕੇ ਕੀਮਤੀ ਮਾਲ ਗਾਇਬ ਕਰਦਾ ਰਿਹਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 24 ਅਕਤੂਬਰ INTERNATIONAL PAPER, 94636 01616 hardipchumber57@gmail.com

ਅਮਰੀਕੀ ਪੁਲੀਸ ਨੇ ਦੇਸ਼ ਦੇ ਪੱਛਮੀ ਸੂਬਿਆਂ ਵਸ਼ਿੰਗਟਨ ਅਤੇ ਕੈਲੇਫੋਰਨੀਆ ਵਿੱਚ ਸਿੰਘ ਆਰਗੇਨਾਈਜੇਸ਼ਨ ਨਾਂਅ ਹੇਠ ਸੰਗਠਿਤ ਗੈਂਗ ਦੇ 12 ਮੈਂਬਰਾਂ ਨੂੰ ਕਰੋੜਾਂ ਡਾਲਰਾਂ ਦੀ ਟਰਾਂਸਪੋਰਟ ਠੱਗੀ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ।

ਸੇਂਟ ਬਰਨਾਰਡ ਕਾਉਂਟੀ ਸ਼ੈਰਿਫ਼ (ਪੁਲੀਸ ਵਿਭਾਗ) ਵਲੋਂ ਕਥਿਤ ਦੋਸ਼ੀਆਂ ਦੀ ਪਛਾਣ ਪਰਮਵੀਰ ਸਿੰਘ (29), ਹਰਪ੍ਰੀਤ ਸਿੰਘ (26), ਅਰਸ਼ਪ੍ਰੀਤ ਸਿੰਘ (27) ਸਾਰੇ ਵਾਸੀ ਰੈਂਚੋ ਕੁਕਾਮੋਂਗਾ, ਸੰਦੀਪ ਸਿੰਘ (31) ਵਾਸੀ ਸੇਂਟ ਬਰਨਾਰਡ, ਮਨਦੀਪ ਸਿੰਘ (42), ਰਣਜੋਧ ਸਿੰਘ (38) ਦੋਹੇਂ ਵਾਸੀ ਬੇਕਰਜ਼ਫੀਲਡ, ਗੁਰਨੇਕ ਸਿੰਘ ਚੌਹਾਨ (40), ਵਿਕਰਮਜੀਤ ਸਿੰਘ (30), ਨਰਾਇਣ ਸਿੰਘ (27) ਤਿੰਨੇ ਵਾਸੀ ਫੋਨਟਾਨਾ, ਬਿਕਰਮਜੀਤ ਸਿੰਘ (27) ਵਾਸੀ ਸੈਕਰਾਮੈਂਟੋ, ਹਿੰਮਤ ਸਿੰਘ ਖਾਲਸਾ (28) ਵਾਸੀ ਰੈਂਟਨ (ਵਸ਼ਿੰਗਟਨ) ਤੇ ਉਨ੍ਹਾਂ ਦੇ ਸਾਥੀ ਐਲਗਰ ਹਰਨਾਂਦੇਜ (27) ਵਾਸੀ ਫੋਨਟਾਨਾ ਵਜੋਂ ਕੀਤੀ ਗਈ ਹੈ।

ਪੁਲੀਸ ਦੀ ਸਾਂਝੀ ਜਾਂਚ ਟੀਮ ਵਲੋਂ ਦੱਸਿਆ ਗਿਆ ਕਿ 2021 ਤੋਂ ਢੋਆ ਢੁਆਈ ਦੇ ਨਾਂਅ ਹੇਠ ਕੀਮਤੀ ਸਮਾਨ ਗਾਇਬ ਹੋਣ ਦੀਆਂ ਸੈਂਕੜੇ ਸ਼ਿਕਾਇਤਾਂ ਮਿਲਣ ਤੋਂ ਬਾਅਦ ਕੈਲੇਫੋਰਨੀਆਂ ਅਤੇ ਵਸ਼ਿੰਗਟਨ ਦੀਆਂ ਕਾਉਂਟੀ ਪੁਲੀਸ ਵਲੋਂ ਟੀਮਾਂ ਗਠਿਤ ਕੀਤੀਆਂ ਗਈਆਂ ਸੀ।

ਇਨ੍ਹਾਂ ਟੀਮਾਂ ਨੇ ਲੰਮੀ ਜਾਂਚ ਤੋਂ ਬਾਅਦ ਪਤਾ ਲਾਇਆ ਕਿ ਕੁੱਝ ਵਿਅਕਤੀਆਂ ਨੇ ਸਿੰਘ ਆਰਗੇਨਾਈਜ਼ੇਸ਼ਨ ਨਾਂਅ ਹੇਠ ਗੈਂਗ ਬਣਾਇਆ ਹੋਇਆ ਸੀ, ਜੋ ਨਾਮੀ ਟਰਾਂਸਪੋਰਟ ਕੰਪਨੀਆਂ ਦੇ ਨਾਂਅ ਹੇਠ ਕੀਮਤੀ ਸਮਾਨ ਦੀ ਢੋਆ ਢੁਆਈ ਦੇ ਠੇਕੇ ਲੈ ਕੇ ਸਮਾਨ ਲੋਡ ਕਰ ਲੈਂਦਾ ਤੇ ਠਿਕਾਣੇ ਉੱਤੇ ਪਹੁੰਚਾਣ ਦੀ ਥਾਂ ਵੇਚ ਦਿੰਦੇ।

ਪੁਲੀਸ ਨੇ ਦੱਸਿਆ ਕਿ ਸਬੂਤ ਇਕੱਤਰ ਕਰਕੇ ਇੱਕੋ ਵੇਲੇ ਛਾਪੇ ਮਾਰਦਿਆਂ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਉਨ੍ਹਾਂ ਵੱਲੋਂ ਚਾਰ ਸਾਲਾਂ ਦੌਰਾਨ ਕੀਤੀਆਂ ਠੱਗੀਆਂ



ਦੀ ਜਾਂਚ ਕੀਤੀ ਜਾ ਰਹੀ ਹੈ । ਅਧਿਕਾਰੀਆਂ ਨੇ ਕਿਹਾ ਕਿ ਇਹ ਪਤਾ ਵੀ ਲਾਇਆ ਜਾ ਰਿਹਾ ਹੈ ਕਿ ਇਹ ਲੋਕ ਚੋਰੀ ਕੀਤਾ ਕੀਮਤੀ ਸਮਾਨ ਆਪ ਵੇਚਦੇ ਸਨ ਜਾਂ ਕਿਸੇ ਵਿਕਰੇਤਾ ਨੂੰ ਸਸਤੇ ਰੇਟ ’ਤੇ ਵੇਚਦੇ ਸਨ।

ਇਹ ਕਾਰਵਾਈ ਫੈਡਰਲ ਜਾਂਚ ਬਿਊਰੋ, ਰਿਵਰਸਾਈਡ ਆਈਲੈਂਡ ਟਾਸਕ ਫੋਰਸ, ਲਾਸ ਏਂਜਲ ਕੌਂਟੀ ਸ਼ੈਰਿਫ ਵਿਭਾਗ, ਫੋਨਟਾਨਾ ਪੁਲੀਸ ਅਤੇ ਕੈਲੇਫੋਰਨੀਆ ਹਾਈਵੇਅ ਪੈਟਰੋਲ ਵੱਲੋਂ ਸਾਂਝੇ ਤੌਰ ’ਤੇ ਕੀਤੀ ਗਈ।

# ਸੀਬੀਆਈ ਵੱਲੋਂ ਡੀਆਈਜੀ ਭੁੱਲਰ ਦੇ ਫਾਰਮ ਹਾਊਸ 'ਤੇ ਵੀ ਛਾਪਾ

## ਲੁਧਿਆਣਾ ਵਿੱਚ 65 ਏਕੜ ਜ਼ਮੀਨ ਦੀ ਚੱਲ ਰਹੀ ਹੈ ਜਾਂਚ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 24 ਅਕਤੂਬਰ
INTERNATIONAL PAPER, 94636 01616
hardipchumber57@gmail.com

ਰਿਸ਼ਵਤਖੋਰੀ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਪੰਜਾਬ ਦੇ ਡੀਆਈਜੀ ਹਰਚਰਨ ਸਿੰਘ ਭੁੱਲਰ 'ਤੇ ਸੀਬੀਆਈ ਵੱਲੋਂ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਬੀਤੇ ਦਿਨ ਦੂਜੀ ਵਾਰ ਸੀਬੀਆਈ ਵੱਲੋਂ ਉਸ ਦੀ ਚੰਡੀਗੜ੍ਹ 'ਚ ਰਿਹਾਇਸ਼ 'ਤੇ ਰੇਡ ਕੀਤੀ ਗਈ ਸੀ, ਉੱਥੇ ਹੀ ਅੱਜ ਸੀਬੀਆਈ ਵੱਲੋਂ ਡੀਆਈਜੀ ਭੁੱਲਰ ਦੇ ਫਾਰਮ ਹਾਊਸ 'ਤੇ ਵੀ ਛਾਪਾ ਮਾਰਿਆ ਗਿਆ ਗਿਆ ਹੈ, ਜਿੱਥੇ ਲੁਧਿਆਣਾ ਵਿੱਚ 65 ਏਕੜ ਜ਼ਮੀਨ ਦੀ ਜਾਂਚ ਕੀਤੀ ਜਾ ਰਹੀ ਹੈ।





ਸੀਬੀਆਈ ਦੀ ਇੱਕ ਟੀਮ ਲੁਧਿਆਣਾ ਦੇ ਮਾਛੀਵਾੜਾ ਖੇਤਰ ਦੇ ਮੰਡ ਸ਼ੇਰੀਆ ਪਿੰਡ ਵਿੱਚ ਉਸਦੇ ਫਾਰਮ ਹਾਊਸ ਦੀ ਤਲਾਸ਼ੀ ਲੈਣ ਲਈ ਪਹੁੰਚੀ। ਦੱਸਿਆ ਜਾ ਰਿਹਾ ਹੈ ਕਿ ਭੁੱਲਰ ਮਾਛੀਵਾੜਾ ਵਿੱਚ ਲਗਭਗ 65 ਏਕੜ ਜ਼ਮੀਨ ਦਾ ਮਾਲਕ ਹੈ, ਜਿੱਥੇ ਉਸਦਾ ਫਾਰਮ ਹਾਊਸ ਸਥਿਤ ਹੈ। ਸੀਬੀਆਈ ਦੀ ਟੀਮ ਇਸ ਜ਼ਮੀਨ ਨਾਲ ਸਬੰਧਤ ਦਸਤਾਵੇਜ਼ਾਂ ਦੀ ਵੀ ਜਾਂਚ ਕਰ ਸਕਦੀ ਹੈ। ਜਾਣਕਾਰੀ ਮਿਲ ਰਹੀ ਹੈ ਕਿ ਸੀਬੀਆਈ ਡੀਆਈਜੀ ਭੁੱਲਰ ਨੂੰ ਕਿਸੇ ਵੀ ਸਮੇਂ ਰਿਮਾਂਡ 'ਤੇ ਲੈ ਸਕਦੀ ਹੈ। ਹੁਣ, ਉਸਦੇ ਖਿਲਾਫ ਆਮਦਨ ਤੋਂ ਵੱਧ ਜਾਇਦਾਦ ਦੇ ਦੋਸ਼ ਵਿੱਚ ਕੇਸ ਦਰਜ ਕਰਨ ਦੀਆਂ ਤਿਆਰੀਆਂ ਚੱਲ ਰਹੀਆਂ ਹਨ।

ਵੀਰਵਾਰ ਨੂੰ, ਟੀਮ ਚੰਡੀਗੜ੍ਹ ਦੇ ਸੈਕਟਰ 40 ਵਿੱਚ ਭੁੱਲਰ ਦੀ ਹਵੇਲੀ ਪਹੁੰਚੀ ਸੀ। ਘਰ ਵਿੱਚ ਹਰ ਚੀਜ਼ ਦੀ ਵੀਡੀਓਗ੍ਰਾਫੀ ਕੀਤੀ ਗਈ। ਹਰੇਕ ਚੀਜ਼ ਦੀ ਸੂਚੀ ਤਿਆਰ ਕੀਤੀ ਗਈ ਹੈ ਅਤੇ ਹੁਣ ਇਸਦੀ ਕੀਮਤ ਦੀ ਗਣਨਾ ਕੀਤੀ ਜਾਵੇਗੀ। ਇਸ ਵਿੱਚ ਏਸੀ ਤੋਂ ਲੈ ਕੇ ਗਮਲੇ ਅਤੇ ਲਾਈਟ ਬਲਬ ਤੱਕ ਸਭ ਕੁਝ ਸ਼ਾਮਲ ਹੈ। ਛਾਪੇਮਾਰੀ ਲਗਭਗ ਨੌਂ ਘੰਟੇ ਚੱਲੀ। ਸੀਬੀਆਈ ਨੇ ਪਰਿਵਾਰਕ ਮੈਂਬਰਾਂ ਤੋਂ ਪੁੱਛੇ ਗਏ ਸਵਾਲਾਂ ਨੂੰ ਲੈਪਟਾਪ 'ਤੇ ਰਿਕਾਰਡ ਕੀਤਾ ਅਤੇ ਉਨ੍ਹਾਂ ਦੀ ਵੀਡੀਓਗ੍ਰਾਫੀ ਵੀ ਕੀਤੀ। ਉਨ੍ਹਾਂ ਤੋਂ ਉਨ੍ਹਾਂ ਦੇ ਬਿਆਨਾਂ 'ਤੇ ਦਸਤਖਤ ਵੀ ਕਰਵਾਏ ਗਏ। ਦੱਸਿਆ ਜਾ ਰਿਹਾ ਹੈ ਕਿ ਪੁੱਛਗਿੱਛ ਲਗਭਗ ਦੋ ਘੰਟੇ ਜਾਰੀ ਰਹੀ।

ਡੀਆਈਜੀ ਹਰਚਰਨ ਸਿੰਘ ਭੁੱਲਰ ਦੀ ਮਾਸਿਕ ਮੂਲ ਤਨਖਾਹ 2.16 ਲੱਖ ਰੁਪਏ ਹੈ। ਹਾਲਾਂਕਿ, ਉਨ੍ਹਾਂ ਦੀ ਜਾਇਦਾਦ 15 ਕਰੋੜ ਰੁਪਏ ਤੋਂ ਵੱਧ ਹੈ। ਉਨ੍ਹਾਂ ਕੋਲ ਪੰਜਾਬ ਦੇ ਪ੍ਰਮੁੱਖ ਸ਼ਹਿਰਾਂ, ਜਿਨ੍ਹਾਂ ਵਿੱਚ ਜਲੰਧਰ, ਮੋਹਾਲੀ, ਲੁਧਿਆਣਾ ਅਤੇ ਕਪੂਰਥਲਾ ਸ਼ਾਮਲ ਹਨ, ਵਿੱਚ ਜਾਇਦਾਦਾਂ ਹਨ। ਇਹ ਸਾਰੇ ਸ਼ਹਿਰ ਏ-ਗ੍ਰੇਡ ਹਨ। ਇਸ ਲਈ, ਇਸ ਗੱਲ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਪੈਸਾ ਕਿੱਥੋਂ ਆਇਆ। ਹਾਲਾਂਕਿ, ਉਨ੍ਹਾਂ ਦੀ ਸੇਵਾਮੁਕਤੀ ਲਈ ਦੋ ਸਾਲ ਬਾਕੀ ਹਨ।

# ਜਲੰਧਰ ਦੇ ਮੁਅੱਤਲ SHO ਉਤੇ ਲੱਗੇਗਾ ਪੋਕਸੋ ਐਕਟ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 24 ਅਕਤੂਬਰ
INTERNATIONAL PAPER, 94636 01616
hardipchumber57@gmail.com

ਥਾਣਾ ਫਿਲੌਰ ਦੇ ਮੁਅੱਤਲ ਐਸਐਚਓ ਭੂਸ਼ਣ ਕੁਮਾਰ ਦੀਆਂ ਹੋਰ ਮੁਸ਼ਕਲਾਂ ਵਧਣਗੀਆਂ। ਹੁਣ ਜਲੰਧਰ ਦੇ ਮੁਅੱਤਲ ਐਸਐਚਓ ਭੂਸ਼ਣ ਕੁਮਾਰ ਵਿਰੁੱਧ ਹੁਣ ਪੋਕਸੋ ਐਕਟ ਲਗਾਇਆ ਜਾਵੇਗਾ। ਜ਼ਿਕਰਯੋਗ ਹੈ ਕਿ ਭੂਸ਼ਣ ਕੁਮਾਰ ਉਤੇ ਆਰੋਪ ਹੈ ਕਿ ਉਨ੍ਹਾਂ ਨੇ ਬਲਾਤਕਾਰ ਪੀੜਤਾ ਨੂੰ ਕਿਹਾ ਕਿ ਤੁਸੀਂ ਮੈਨੂੰ ਉਹ ਬਹੁਤ ਸੋਹਣੇ ਲੱਗਦੇ ਹੋ ਅਤੇ ਉਸ ਨੂੰ ਚੁੰਮਣ ਦੀ ਵੀ ਕੋਸ਼ਿਸ਼ ਕੀਤੀ। ਔਰਤਾਂ ਨਾਲ ਗੰਦੀਆਂ ਗੱਲਾਂ ਕਰਨ ਕਰਕੇ ਉਨ੍ਹਾਂ ਨੂੰ ਪਹਿਲਾਂ ਹੀ ਮੁਅੱਤਲ ਕਰਨ ਤੋਂ ਬਾਅਦ ਲਾਈਨ ਹਾਜ਼ਰ ਕੀਤਾ ਗਿਆ ਸੀ। ਬਾਅਦ ਵਿੱਚ ਐਫਆਈਆਰ ਦਰਜ ਕੀਤੀ ਗਈ ਸੀ।

ਦੋ ਦਿਨ ਪਹਿਲਾਂ ਪੰਜਾਬ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰਾਜ ਲਾਲੀ ਗਿੱਲ ਨੇ ਫਿਲੌਰ ਥਾਣੇ ਦੇ ਮੁਅੱਤਲ ਐਸਐਚਓ ਭੂਸ਼ਣ ਕੁਮਾਰ ਨੂੰ ਚੰਡੀਗੜ੍ਹ ਬੁਲਾਇਆ ਸੀ ਅਤੇ ਉਨ੍ਹਾਂ ਨੂੰ ਸਖ਼ਤ ਤਾੜਨਾ ਕੀਤੀ ਸੀ।

ਮਹਿਲਾ ਕਮਿਸ਼ਨ ਦੀ ਚੇਅਰਪਰਸਨ ਨੇ ਐਸਐਚਓ ਨੂੰ ਕਿਹਾ, "ਤੁਹਾਨੂੰ ਸ਼ਰਮ ਆਉਣੀ ਚਾਹੀਦੀ ਹੈ। ਇਹ ਬਲਾਤਕਾਰ ਪੀੜਤ 14 ਸਾਲ ਦੀ ਹੈ, ਅਤੇ ਤੁਸੀਂ ਉਸ ਨਾਲ ਕਿਸ ਤਰ੍ਹਾਂ ਦੀ ਭਾਸ਼ਾ ਵਰਤ ਰਹੇ ਹੋ? 'ਮੈਨੂੰ ਤੁਸੀਂ ਸੁੰਦਰ ਲੱਗਦੇ ਹੋ' ਦਾ ਕੀ ਅਰਥ ਹੈ? ਉਹ ਤੁਹਾਡੀ ਪੋਤੀ ਦੀ ਉਮਰ ਦੀ ਹੈ। ਕੀ ਇਸ ਤਰ੍ਹਾਂ ਗੱਲ ਕੀਤੀ ਜਾਂਦੀ ਹੈ?"



ਐਸਐਸਪੀ ਨਰਿੰਦਰ ਪਾਲ ਸਿੰਘ ਨੇ ਏਐਸਪੀ ਮਨਜੀਤ ਕੌਰ ਦੀ ਨਿਗਰਾਨੀ ਹੇਠ ਤਿਆਰ ਕੀਤੀ ਆਈਪੀਐਸ ਜਾਂਚ ਰਿਪੋਰਟ ਨੂੰ ਅਗਲੇਰੀ ਜਾਂਚ ਲਈ ਪੰਜਾਬ ਰਾਜ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਨੂੰ ਭੇਜ ਦਿੱਤਾ ਹੈ। ਇਹ ਧਿਆਨ ਦੇਣ ਯੋਗ ਹੈ ਕਿ 9 ਅਕਤੂਬਰ ਨੂੰ ਬਲਾਤਕਾਰ ਪੀੜਤਾ ਦੀ ਮਾਂ ਸ਼ਿਕਾਇਤ ਲੈ ਕੇ ਫਿਲੌਰ ਪੁਲਿਸ ਸਟੇਸ਼ਨ ਪਹੁੰਚੀ ਸੀ।

# ਦਿਵਿਆਂਗਾਂ ਅਤੇ ਅੰਨ੍ਹਿਆਂ ਨੂੰ ਦਿੱਤੀ ਉੱਡਣ ਦੀ ਆਜ਼ਾਦੀ, ਮੁਫ਼ਤ ਸਫ਼ਰ ਲਈ ਜਾਰੀ ਕੀਤੇ ₹85 ਲੱਖ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 24 ਅਕਤੂਬਰ
INTERNATIONAL PAPER, 94636 01616
hardipchumber57@gmail.com



ਜ਼ਿੰਦਗੀ ਦਾ ਸਫ਼ਰ ਸਭ ਲਈ ਆਸਾਨ ਨਹੀਂ ਹੁੰਦਾ। ਸਾਡੇ ਵਿਚਕਾਰ ਕੁਝ ਅਜਿਹੇ ਜਾਂਬਾਜ਼ ਸਾਥੀ ਵੀ ਹਨ, ਜੋ ਦਿਵਿਆਂਗਤਾ ਜਾਂ ਅੰਨ੍ਹੇਪਣ ਵਰਗੀਆਂ ਮੁਸ਼ਕਲਾਂ ਦੇ ਬਾਵਜੂਦ ਹਰ ਦਿਨ ਹਿੰਮਤ ਨਾਲ ਅੱਗੇ ਵਧਦੇ ਹਨ। ਉਨ੍ਹਾਂ ਲਈ, ਬੱਸ ਦੀ ਇੱਕ ਸੀਟ ਤੱਕ ਪਹੁੰਚਣਾ ਵੀ ਅਕਸਰ ਕਿਸੇ ਵੱਡੀ ਲੜਾਈ ਤੋਂ ਘੱਟ ਨਹੀਂ ਹੁੰਦਾ—ਸਿਰਫ਼ ਸਰੀਰਕ ਤੌਰ 'ਤੇ ਨਹੀਂ, ਸਗੋਂ ਆਰਥਿਕ ਤੌਰ 'ਤੇ ਵੀ। ਅਜਿਹੇ ਵਿੱਚ, ਪੰਜਾਬ ਦੀ ਮਾਨ ਸਰਕਾਰ ਨੇ ਇੱਕ ਅਜਿਹਾ ਫ਼ੈਸਲਾ ਲਿਆ ਹੈ, ਜੋ ਸਿਰਫ਼ ਸ਼ਾਸਨ ਦਾ ਹਿੱਸਾ ਨਹੀਂ ਹੈ, ਸਗੋਂ ਮਨੁੱਖਤਾ ਦੀ ਸਭ ਤੋਂ ਉੱਚੀ ਮਿਸਾਲ ਹੈ। ਇਹ ਫ਼ੈਸਲਾ ਉਨ੍ਹਾਂ ਸਾਰੇ ਬੰਦ ਦਰਵਾਜ਼ਿਆਂ ਨੂੰ ਖੋਲ੍ਹਦਾ ਹੈ, ਜੋ ਸਾਡੇ ਇਨ੍ਹਾਂ ਖ਼ਾਸ ਨਾਗਰਿਕਾਂ ਲਈ ਅਕਸਰ ਬੰਦ ਰਹਿ ਜਾਂਦੇ ਸਨ। ਸਰਕਾਰ ਨੇ ਉਨ੍ਹਾਂ ਦੀ ਮੁਫ਼ਤ ਬੱਸ ਯਾਤਰਾ ਦੀ ਸਹੂਲਤ ਨੂੰ ਜਾਰੀ ਰੱਖਣ ਲਈ ₹85 ਲੱਖ ਦੀ ਵੱਡੀ ਰਕਮ ਜਾਰੀ ਕੀਤੀ ਹੈ। ਇਹ ਫ਼ੈਸਲਾ ਦਰਸਾਉਂਦਾ ਹੈ ਕਿ ਸਰਕਾਰ ਲਈ ਸਮਾਜ ਦੇ ਹਰ ਵਰਗ ਦੀ ਭਲਾਈ ਕਿੰਨੀ ਜ਼ਰੂਰੀ ਹੈ।

₹85 ਲੱਖ! ਇਹ ਸਿਰਫ਼ ਇੱਕ ਗਿਣਤੀ ਨਹੀਂ ਹੈ। ਇਹ ਲੱਖਾਂ ਸੁਪਨਿਆਂ ਦਾ ਬਾਲਣ ਹੈ, ਜੋ ਦਿਵਿਆਂਗ ਅਤੇ ਅੰਨ੍ਹੇ ਵਿਅਕਤੀਆਂ ਲਈ ਮੁਫ਼ਤ ਬੱਸ ਯਾਤਰਾ ਦੀ ਸਹੂਲਤ ਨੂੰ ਜਾਰੀ ਰੱਖੇਗਾ। ਸੋਚੋ, ਹੁਣ ਉਹ ਬਿਨਾਂ ਕਿਸੇ ਚਿੰਤਾ ਦੇ ਸਕੂਲ ਜਾ ਸਕਣਗੇ, ਆਪਣੇ ਰੋਜ਼ਗਾਰ ਦੀ ਭਾਲ ਕਰ ਸਕਣਗੇ, ਜਾਂ ਆਪਣਿਆਂ ਨੂੰ ਮਿਲਣ ਦੂਰ ਤੱਕ ਦਾ ਸਫ਼ਰ ਤੈਅ ਕਰ ਸਕਣਗੇ। ਇਹ ਪਹਿਲ ਸਾਬਤ ਕਰਦੀ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸਰਕਾਰ, ਸਿਰਫ਼ ਐਲਾਨ ਨਹੀਂ, ਸਗੋਂ ਦਿਲੋਂ ਕੰਮ ਕਰਦੀ ਹੈ। ਇਹ ਰਕਮ ਉਨ੍ਹਾਂ ਦੇ ਸਤਿਕਾਰ ਵਿੱਚ ਇੱਕ ਨਿਵੇਸ਼ ਹੈ, ਤਾਂ ਜੋ ਉਹ ਹਰ ਮੁਸ਼ਕਲ ਨੂੰ ਪਾਰ ਕਰ ਆਤਮਵਿਸ਼ਵਾਸ ਅਤੇ ਆਤਮਨਿਰਭਰਤਾ ਨਾਲ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਹੋ ਸਕਣ।

ਮਾਨ ਸਰਕਾਰ ਦਾ ਇਹ ਕਦਮ ਉਮੀਦ ਦੀ ਨਵੀਂ ਰੋਸ਼ਨੀ ਬਣ ਕੇ ਆਇਆ ਹੈ, ਜੋ ਦੱਸਦਾ ਹੈ ਕਿ ਇੱਕ ਵਿਕਸਤ ਸਮਾਜ ਉਹ ਹੈ, ਜਿੱਥੇ ਕੋਈ ਵੀ ਵਿਅਕਤੀ, ਕਿਸੇ ਵੀ ਕਾਰਨ ਕਰਕੇ, ਪਿੱਛੇ ਨਾ ਛੁੱਟੇ। ਇਹ ਰਕਮ ਸਿਰਫ਼ ਪੈਸਾ ਨਹੀਂ ਹੈ, ਇਹ ਸਤਿਕਾਰ ਹੈ, ਸਹੂਲਤ ਹੈ, ਅਤੇ ਸਭ ਤੋਂ ਵੱਧ, ਇਹ ਇੱਕ ਸੰਦੇਸ਼ ਹੈ ਕਿ 'ਤੁਸੀਂ ਇਕੱਲੇ ਨਹੀਂ ਹੋ।' ਇਹ ਕਦਮ ਉਨ੍ਹਾਂ ਚਿਹਰਿਆਂ 'ਤੇ ਇੱਕ ਨਵੀਂ ਮੁਸਕਾਨ ਲਿਆਵੇਗਾ, ਜੋ ਹੁਣ ਬਿਨਾਂ ਕਿਸੇ ਚਿੰਤਾ ਦੇ ਸਕੂਲ ਜਾ ਸਕਣਗੇ, ਨੌਕਰੀ ਕਰ ਸਕਣਗੇ ਜਾਂ ਡਾਕਟਰ ਕੋਲ ਪਹੁੰਚ ਸਕਣਗੇ। ਇਸ ਪਹਿਲ ਨੇ ਸਾਬਤ ਕਰ ਦਿੱਤਾ ਹੈ ਕਿ ਇੱਕ ਸੰਵੇਦਨਸ਼ੀਲ ਸਰਕਾਰ ਲਈ, ਸਮਾਜ ਦਾ ਹਰ ਨਾਗਰਿਕ ਅਨਮੋਲ ਹੈ। ਇਹ ਪੰਜਾਬ ਸਰਕਾਰ ਦਾ ਇੱਕ ਵੱਡਾ ਕਦਮ ਹੈ, ਜੋ ਦਿਖਾਉਂਦਾ ਹੈ ਕਿ ਜਦੋਂ ਨੀਅਤ ਸਾਫ਼ ਹੋਵੇ, ਤਾਂ ਹਰ ਰੁਕਾਵਟ ਪਾਰ ਕੀਤੀ ਜਾ ਸਕਦੀ ਹੈ।

ਸਮਾਜਿਕ ਸੁਰੱਖਿਆ, ਔਰਤ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਅੰਨ੍ਹੇ ਅਤੇ ਦਿਵਿਆਂਗ ਲੋਕਾਂ ਦੀ ਮਦਦ ਲਈ ₹84.26 ਲੱਖ ਦੀ ਰਕਮ ਜਾਰੀ ਕੀਤੀ ਹੈ। ਇਹ ਰਕਮ ਦਿਵਿਆਂਗਾਂ ਨੂੰ ਆਵਾਜਾਈ ਦੀਆਂ ਸਹੂਲਤਾਂ ਦੇਣ ਲਈ ਰੱਖੇ ਬਜਟ ਦਾ ਹਿੱਸਾ ਹੈ। ਇਸ ਬਾਰੇ ਹੋਰ ਜਾਣਕਾਰੀ ਦਿੰਦਿਆਂ, ਉਨ੍ਹਾਂ ਨੇ ਦੱਸਿਆ ਕਿ ਅੰਨ੍ਹੇ ਲੋਕਾਂ ਨੂੰ ਸਰਕਾਰੀ ਬੱਸਾਂ ਵਿੱਚ ਕਿਰਾਏ ਵਿੱਚ 100 ਪ੍ਰਤੀਸ਼ਤ ਛੋਟ ਦਿੱਤੀ ਗਈ ਹੈ, ਜਦੋਂ ਕਿ ਹੋਰ ਦਿਵਿਆਂਗ ਸ਼੍ਰੇਣੀਆਂ ਦੇ ਲੋਕਾਂ ਨੂੰ 50 ਪ੍ਰਤੀਸ਼ਤ ਯਾਨੀ ਅੱਧੀ ਛੋਟ ਦਿੱਤੀ ਜਾਂਦੀ ਹੈ। ਇਹ ਸਹੂਲਤ 40 ਪ੍ਰਤੀਸ਼ਤ ਜਾਂ ਇਸ ਤੋਂ ਵੱਧ ਦਿਵਿਆਂਗਾਂ ਨੂੰ ਉਪਲਬਧ ਹੈ।

ਡਾ. ਬਲਜੀਤ ਕੌਰ ਨੇ ਅੱਗੇ ਦੱਸਿਆ ਕਿ ਇਸ ਯੋਜਨਾ ਦੇ ਤਹਿਤ ਸਾਲ 2025-26 ਲਈ ₹3 ਕਰੋੜ 50 ਲੱਖ ਦਾ ਬਜਟ ਪ੍ਰਬੰਧ ਕੀਤਾ ਗਿਆ ਹੈ, ਜਿਸ ਵਿੱਚੋਂ ₹2 ਕਰੋੜ 61 ਲੱਖ ਪਹਿਲਾਂ ਹੀ ਖਰਚ ਕੀਤੇ ਜਾ ਚੁੱਕੇ ਹਨ। ਹੁਣ ਸਰਕਾਰ ਨੇ ₹84.26 ਲੱਖ ਦੀ ਵਾਧੂ ਰਕਮ ਜਾਰੀ ਕੀਤੀ ਹੈ ਤਾਂ ਜੋ ਯੋਗ ਲਾਭਪਾਤਰੀਆਂ ਨੂੰ ਇਹ ਸਹੂਲਤ ਮਿਲਦੀ ਰਹੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਦਿਵਿਆਂਗਾਂ ਦੀ ਜ਼ਿੰਦਗੀ ਨੂੰ ਆਸਾਨ, ਸੁਰੱਖਿਅਤ ਅਤੇ ਆਤਮਨਿਰਭਰ ਬਣਾਉਣ ਲਈ ਵਚਨਬੱਧ ਹੈ। ਡਾ. ਬਲਜੀਤ ਕੌਰ ਨੇ ਕਿਹਾ ਕਿ ਆਵਾਜਾਈ ਦੀਆਂ ਸਹੂਲਤਾਂ ਤੋਂ ਇਲਾਵਾ, ਵਿਭਾਗ ਦਿਵਿਆਂਗਾਂ ਦੀ ਸਿੱਖਿਆ, ਰੋਜ਼ਗਾਰ ਅਤੇ ਸਮਾਜਿਕ ਸਸ਼ਕਤੀਕਰਨ ਲਈ ਵੀ ਲਗਾਤਾਰ ਕੋਸ਼ਿਸ਼ ਕਰ ਰਿਹਾ ਹੈ ਤਾਂ ਜੋ ਉਹ ਆਤਮਵਿਸ਼ਵਾਸ ਨਾਲ ਮੁੱਖਧਾਰਾ ਵਿੱਚ ਸ਼ਾਮਲ ਹੋ ਸਕਣ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਉਨ੍ਹਾਂ ਦੀ ਤਰਜੀਹ ਵਿੱਚ ਸਮਾਜਿਕ ਨਿਆਂ ਅਤੇ ਹਰ ਨਾਗਰਿਕ ਦਾ ਸਤਿਕਾਰ ਸ਼ਾਮਲ ਹੈ। ਇਹ ਪਹਿਲ ਸਮਾਜ ਲਈ ਇੱਕ ਪ੍ਰੇਰਨਾ ਹੈ ਕਿ ਸਾਨੂੰ ਮਿਲ ਕੇ ਦਿਵਿਆਂਗਾਂ ਲਈ ਇੱਕ ਬਿਹਤਰ ਅਤੇ ਬਰਾਬਰ ਮੌਕੇ ਵਾਲਾ ਸਮਾਜ ਬਣਾਉਣਾ ਹੈ। ਇਸ ਕਦਮ ਨਾਲ ਪੰਜਾਬ ਦੇ ਹਜ਼ਾਰਾਂ ਦਿਵਿਆਂਗ ਅਤੇ ਅੰਨ੍ਹੇ ਲੋਕਾਂ ਦੇ ਚਿਹਰਿਆਂ 'ਤੇ ਖੁਸ਼ੀ ਆਈ ਹੈ। ਇਹ ਦਿਖਾਉਂਦਾ ਹੈ ਕਿ ਜਦੋਂ ਸਰਕਾਰ ਸੰਵੇਦਨਸ਼ੀਲਤਾ ਨਾਲ ਕੰਮ ਕਰਦੀ ਹੈ, ਤਾਂ ਸਮਾਜ ਵਿੱਚ ਕਿੰਨਾ ਵੱਡਾ ਅਤੇ ਸਕਾਰਾਤਮਕ ਬਦਲਾਅ ਆਉਂਦਾ ਹੈ। ਇਹ ₹85 ਲੱਖ ਦੀ ਰਕਮ ਸਿਰਫ਼ ਇੱਕ ਸਰਕਾਰੀ ਅੰਕੜਾ ਨਹੀਂ ਹੈ, ਇਹ ਲੱਖਾਂ ਉਮੀਦਾਂ ਅਤੇ ਸੁਪਨਿਆਂ ਨੂੰ ਉਡਾਣ ਦੇਣ ਦਾ ਜ਼ਰੀਆ ਹੈ। ਇਹ ਦਿਖਾਉਂਦਾ ਹੈ ਕਿ ਪੰਜਾਬ ਵਿੱਚ, ਸੇਵਾ ਹੀ ਸ਼ਾਸਨ ਹੈ।

# ਸਮਾਜ ਨੂੰ ਗੁੰਮਰਾਹ ਕਰਨਾ ਬੰਦ ਕਰਕੇ, ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਦੱਸੇ ਮਾਰਗ ਉੱਪਰ ਚੱਲ ਪਈਏ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 24 ਅਕਤੂਬਰ
INTERNATIONAL PAPER, 94636 01616
hardipchumber57@gmail.com

ਬਹੁਜਨ ਮੁਕਤੀ ਪਾਰਟੀ ਦੇ ਉਪ ਪ੍ਰਧਾਨ ਸ. ਜਸਵੰਤ ਸਿੰਘ ਜੀ ਨੇ, ਪੋਸਟ ਤਾਂ ਬਹੁਤ ਹੀ ਵਧੀਆ ਲਿਖੀ ਸੀ, ਪਰ ਅਖੀਰ ਵਿੱਚ ਜਾ ਕੇ ਖੁਦ ਹੀ ਸਾਰੀ ਫੂਕ ਕੱਢ ਦਿੱਤੀ।

ਮਾਣਯੋਗ ਵਾਮਨ ਮੇਸ਼ਰਾਮ ਜੀ ਦਾ ਨਿੱਜੀ ਤੌਰ ਤੇ ਮੈਂ ਵੀ ਬਹੁਤ ਸਤਿਕਾਰ ਕਰਦਾ ਹਾਂ, ਪਰ "ਜਨ ਅੰਦੋਲਨ ਕਰਤਾ" ਦੇ ਤੌਰ ਤੇ ਮੈਂ ਉਹਨਾਂ ਨੂੰ ਇੱਕ ਕਮਜ਼ੋਰ ਵਿਅਕਤੀ ਸਮਝਦਾ ਹਾਂ।

ਉਹਨਾਂ ਦੀ ਸਭ ਤੋਂ ਵੱਡੀ ਕਮਜ਼ੋਰੀ ਇਹ ਰਹੀ ਹੈ ਕਿ ਉਹ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਅਤੇ ਉਹਨਾਂ ਦੀ ਬਣਾਈ ਹੋਈ BAMCEF ਦੇ ਉਦੇਸ਼ ਨੂੰ ਹੀ ਸਮਝ ਨਹੀਂ ਸਕੇ ਸਨ। ਉਹ ਵੀ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਵਿਰੋਧੀਆਂ ਨਾਲ ਮਿਲ ਕੇ, ਇਹ ਪ੍ਰਚਾਰ ਕਰਦੇ ਰਹੇ ਕਿ ਕਾਂਸ਼ੀ ਰਾਮ ਨੇ ਰਾਜਨੀਤਿਕ ਮੂਵਮੈਂਟ ਸ਼ੁਰੂ ਕਰਕੇ ਬਹੁਤ ਵੱਡੀ ਗ਼ਲਤੀ ਕਰ ਦਿੱਤੀ ਹੈ।

ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੁਆਰਾ ਬਣਾਈ ਗਈ ਬਾਮਸੇਫ ਨੂੰ ਰਜਿਸਟਰਡ ਤਾਂ ਕਰਵਾ ਲਿਆ ਅਤੇ ਸ੍ਰੀਮਾਨ ਡੀ ਕੇ ਖਾਪਰਡੇ ਅਤੇ ਸ੍ਰੀਮਾਨ ਦੀਨਾ ਭਾਨਾ ਜੀ ਨੂੰ ਬਾਮਸੇਫ ਦੇ ਜਨਮ ਦਾਤਾ ਵਜੋਂ ਵੀ ਪ੍ਰਚਾਰ ਦਿੱਤਾ, ਪਰ ਜਿਹੜਾ ਕੰਮ ਬਾਮਸੇਫ ਦੇ ਮਾਧਿਅਮ ਤੋਂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਕਰਨਾ ਚਾਹੁੰਦੇ ਸੀ ਜਾਂ ਕਰ ਸਕਦੇ ਸੀ, ਉਹ ਕੰਮ ਨਾ ਝੱਲੀ ਸਾਹਿਬ ਕਰ ਸਕੇ, ਨਾ ਖਾਪਰਡੇ ਸਾਹਿਬ ਅਤੇ ਨਾ ਹੀ ਮੇਸ਼ਰਾਮ ਸਾਹਿਬ ਕਰ ਸਕੇ ਹਨ।

ਜੋ ਕੰਮ ਅਤੇ ਜਿੰਨਾ ਕੰਮ, ਬਾਮਸੇਫ ਨੇ ਆਪਣੇ ਪਹਿਲੇ ਦਹਾਕੇ_ ਦੌਰਾਨ ਕਰ ਦਿਖਾਇਆ ਸੀ, ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਅਗਵਾਈ ਚਲੀ ਜਾਣ ਤੋਂ ਬਾਅਦ, ਬਾਮਸੇਫ ਚਾਰ ਦਹਾਕਿਆਂ ਵਿੱਚ ਉਸਦਾ ਇੱਕ ਚੌਥਾਈ ਹਿੱਸਾ ਵੀ ਨਹੀਂ ਕਰ ਸਕੀ ਹੈ। ਬਾਮਸੇਫ ਦੇ ਆਗੂ ਬਣੇ ਜਿਹੜੇ ਲੋਕ ਪ੍ਰਚਾਰ ਕਰਦੇ ਸੀ ਕਿ ਕਾਂਸ਼ੀ ਰਾਮ ਨੇ ਰਾਜਨੀਤਿਕ ਪਾਰਟੀ ਬਣਾ ਕੇ ਬਹੁਤ ਵੱਡੀ ਗ਼ਲਤੀ ਕਰ ਦਿੱਤੀ ਹੈ, ਉਹਨਾਂ ਨੇ ਸਾਰਿਆਂ ਨੇ ਹੀ ਅੱਜ ਆਪਣੀਆਂ ਆਪਣੀਆਂ ਰਾਜਨੀਤਕ ਪਾਰਟੀਆਂ ਬਣਾ ਕੇ ਆਪਣੀ ਆਪਣੀ ਡਫਲੀ ਵਜਾਉਣੀ ਸ਼ੁਰੂ ਕੀਤੀ ਹੋਈ ਹੈ। ਅੱਜ ਕਿੰਨੇ ਹੀ ਬਾਮਸੇਫ਼ੀਏ ਮਿਲ ਜਾਣਗੇ ਜਿੰਨ੍ਹਾਂ ਨੇ ਆਪਣੀਆਂ ਆਪਣੀਆਂ ਬਾਮਸੇਫਾ ਬਣਾ ਕੇ ਆਪਣੇ ਨਾਂ ਪਿੱਛੇ ਬਾਮਸੇਫ ਦੇ ਰਾਸ਼ਟਰੀ ਪ੍ਰਧਾਨ ਹੋਣ ਦੀ ਪੂਛ ਲਗਾਈ ਹੋਈ ਹੈ।

ਬਹੁਜਨ ਸਮਾਜ ਦੇ ਲੋਕ ਪ੍ਰੇਸ਼ਾਨ ਹਨ ਕਿ ਇਹਨਾਂ ਵਿੱਚੋਂ ਅਸਲੀ ਬਾਮਸੇਫ ਕਿਹੜੀ ਹੈ ਅਤੇ ਸਮਾਜ ਦਾ ਹਿਤੈਸ਼ੀ ਆਗੂ ਕੌਣ ਹੈ?

ਜੇਕਰ ਉਸ ਵੇਲੇ ਸਾਹਿਬ ਨੂੰ ਬੁਰਾ ਭਲਾ ਕਹਿਣ ਦੀ ਬਜਾਏ, ਝੱਲੀ, ਖਾਪਰਡੇ ਅਤੇ ਮੇਸ਼ਰਾਮ ਸਾਹਿਬ ਨੇ, ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਸਾਥ ਦੇ ਦਿੱਤਾ ਹੁੰਦਾ, ਤਾਂ ਨਾ ਮਨੂੰਵਾਦੀ ਤਾਕਤਾਂ ਨਾਲ ਸਮਝੌਤੇ ਕਰਨੇ ਪੈਂਦੇ, ਨਾ ਭੈਣ ਮਾਇਆਵਤੀ ਜੀ ਬ੍ਰਾਹਮਣਵਾਦ ਦੇ ਜਾਲ ਵਿੱਚ ਫਸਦੀ ਅਤੇ ਨਾ ਹੀ ਮੂਵਮੈਂਟ ਪਿੱਛੇ ਪੈਂਦੀ!ਇੱਕੀਵੀਂ ਸਦੀ ਸ਼ੁਰੂ ਹੋਣ ਤੋਂ ਪਹਿਲਾਂ ਪਹਿਲਾਂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਬ੍ਰਾਹਮਣਵਾਦ ਦਾ ਬੋਰੀਆ ਬਿਸਤਰਾ ਗੋਲ ਕਰ ਦਿੱਤਾ ਹੁੰਦਾ ਅਤੇ ਹੁਣ ਤੱਕ ਬਹੁਜਨ ਸਮਾਜ ਆਪਣੀ ਗੁਲਾਮੀ ਦਾ ਫੰਧਾ ਕੱਟ ਕੇ ਪੂਰੀ ਦੁਨੀਆ ਦੇ ਲੋਕਾਂ ਲਈ ਮਾਰਗ ਦਰਸ਼ਕ ਬਣ ਚੁੱਕਿਆ ਹੁੰਦਾ!

ਬਾਮਸੇਫ ਨੂੰ ਖੇਹ ਕੇ, ਇਸ ਨੂੰ ਸਮਾਜ ਦੇ ਹਿੱਤ ਵਿੱਚ ਨਾ ਵਰਤ ਸਕਣ ਵਾਲੇ ਅਤੇ ਇਸ ਨੂੰ ਆਪਣੇ ਸਵਾਰਥਾਂ ਲਈ ਤੀਲਾ-ਤੀਲਾ ਕਰਕੇ ਖਿੰਡਾ ਦੇਣ ਵਾਲੇ ਅਤੇ ਮੌਜੂਦਾ ਸਮੇਂ ਵਿੱਚ ਆਪਣੇ ਆਪ ਨੂੰ ਵੱਡੇ ਰਾਜਨੀਤਕ ਫਿਲਾਸਫਰ ਸਮਝਣ ਵਾਲੇ ਸਾਰੇ ਹੀ ਬਾਮਸੇਫੀਏ, ਬਹੁਜਨ ਸਮਾਜ ਦੇ ਅਸਲੀ ਦੁਸ਼ਮਣ ਹਨ, ਜਿਹੜੇ ਖੁਦ ਕੁਝ ਕਰ ਨਹੀਂ ਸਕੇ ਅਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਰਸਤੇ ਵਿੱਚ ਰੋੜੇ ਅਟਕਾਉਂਦੇ ਰਹੇ ਅਤੇ ਸਮਾਜ ਨੂੰ ਗੁੰਮਰਾਹ ਕਰਦੇ ਰਹੇ ਕਿ ਰਾਜਨੀਤੀ ਨਾਲ ਕੁਝ ਨਹੀਂ ਬਣਨਾ, ਆਪਾਂ ਤਾਂ ਜਨ ਅੰਦੋਲਨ ਕਰਾਂਗੇ! ਨਾ ਰਾਜਨੀਤੀ ਸਿਰੇ ਚੜ੍ਹਨ ਦਿੱਤੀ ਅਤੇ ਅੱਜ ਤੱਕ ਨਾ ਕਿਧਰੇ ਜਨ ਅੰਦੋਲਨ ਦੀ ਕੋਈ ਰੂਪ ਰੇਖਾ ਨਜ਼ਰ ਆਉਂਦੀ ਹੈ।

ਅਜੇ ਵੀ ਵਕਤ ਹੈ ਕਿ ਸਮਾਜ ਨੂੰ ਗੁੰਮਰਾਹ ਕਰਨਾ ਬੰਦ ਕਰਕੇ, ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਦੱਸੇ ਮਾਰਗ ਉੱਪਰ ਚੱਲ ਪਈਏ। ਪਾਸੇ ਹੁਣ ਵੀ ਪਲਟੇ ਜਾ ਸਕਦੇ ਹਨ! ਫੂਲੇ, ਸ਼ਾਹੂ, ਅੰਬੇਡਕਰ ਅਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਮੂਵਮੈਂਟ ਵਿੱਚ ਅਜੇ ਵੀ ਮੋਇਆਂ ਨੂੰ ਜਿਉਂਦਾ ਕਰਨ ਦੀ ਸਮਰੱਥਾ ਹੈ! ਬੱਸ, ਇਸ ਗੱਲ ਉੱਤੇ ਯਕੀਨ ਕਰਨ ਦੀ ਜ਼ਰੂਰਤ ਹੈ।

ਜੈ ਭੀਮ ਜੈ ਭਾਰਤ!

ਜੈ ਸੰਵਿਧਾਨ ਜੈ ਕਾਂਸ਼ੀ ਰਾਮ!

ਕਰਤਾਰ ਸਿੰਘ
9417331129

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 24 ਅਕਤੂਬਰ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

**ਬਾਬਾ ਸਾਹਿਬ ਕਹਿੰਦੇ ਹਨ**

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਅਜਿਹੇ ਦੇਵਤਿਆਂ ਦੀ ਪੂਜਾ ਕਿਉਂ?

* ਜਨਤਕ: 4 ਸਤੰਬਰ, 1937

ਅਛੂਤ ਵਰਗ ਦੀ ਇੱਕ ਵੱਡੀ ਜਨਤਕ ਮੀਟਿੰਗ 28 ਅਗਸਤ 1937 ਨੂੰ ਬਾਂਦਰਾ, ਮੁੰਬਈ ਦੇ ਮਿਉਂਸਪਲ ਹਾਲ ਵਿੱਚ ਡਾ: ਬਾਬਾ ਸਾਹਿਬ ਅੰਬੇਡਕਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਹੇਠ ਲਿਖੇ ਮਤੇ ਪਾਸ ਕੀਤੇ ਗਏ।

ਪਹਿਲਾ ਪ੍ਰਸਤਾਵ - ਮੁੰਬਈ ਏਰੀਆ ਮਹਾਰ ਪ੍ਰੀਸ਼ਦ ਦੇ ਪ੍ਰਸਤਾਵ



ਅਨੁਸਾਰ ਸਾਡੇ ਭੈਣ-ਭਰਾਵਾਂ ਨੂੰ ਹਿੰਦੂ ਧਰਮ ਦੇ ਤਿਉਹਾਰ, ਵਰਤ ਆਦਿ ਧਾਰਮਿਕ ਰੀਤੀ ਰਿਵਾਜਾਂ ਦਾ ਪਾਲਣ ਨਹੀਂ ਕਰਨਾ ਚਾਹੀਦਾ ਹੈ।

ਦੂਜਾ ਮਤਾ - ਇਹ ਮੀਟਿੰਗ ਬਾਂਦਰਾ ਨਗਰ ਪਾਲਿਕਾ ਵਿੱਚ ਅਛੂਤ ਵਰਗ ਲਈ ਜਗ੍ਹਾ ਰਾਖਵੀਂ ਕਰਨ ਲਈ ਕੁਲੈਕਟਰ ਦਾ ਧੰਨਵਾਦ ਕਰਦੀ ਹੈ। ਹਾਲਾਂਕਿ, ਅਛੂਤਾਂ ਦੀ ਆਬਾਦੀ ਦੇ ਅਨੁਪਾਤ ਵਿੱਚ ਇੱਕ ਜਗ੍ਹਾ 'ਤੇ ਅਸਫਲ ਹੋਣ ਕਾਰਨ, ਇਹ ਮੀਟਿੰਗ ਕਲੈਕਟਰ ਨੂੰ ਹੋਰ ਸਥਾਨ ਮੁਹੱਈਆ ਕਰਨ ਦੀ ਬੇਨਤੀ ਕਰਦੀ ਹੈ।

ਤੀਜਾ ਪ੍ਰਸਤਾਵ - ਇਹ ਮੀਟਿੰਗ ਜਨਤਾ ਨੂੰ ਸੁਤੰਤਰ ਲੇਬਰ ਪਾਰਟੀ ਦੇ ਮੈਂਬਰ ਬਣਨ ਦੀ ਬੇਨਤੀ ਕਰਦੀ ਹੈ।

ਚੌਥਾ ਪ੍ਰਸਤਾਵ - ਸ਼੍ਰੀ ਸੰਭਾਜੀ ਤੁਕਾਰਾਮ ਗਾਇਕਵਾੜ ਦੇ ਸਨਮਾਨ ਲਈ ਬਾਂਦਰਾ ਪੰਚਾਇਤ ਤੋਂ 25 ਰੁਪਏ ਦਿੱਤੇ ਜਾ ਰਹੇ ਹਨ। ਹੋਰਨਾਂ ਥਾਵਾਂ ਦੀਆਂ ਪੰਚਾਇਤਾਂ ਨੂੰ ਵੀ ਇਸ ਕੰਮ ਵਿੱਚ ਖੁੱਲ੍ਹ ਕੇ ਮਦਦ ਕਰਨੀ ਚਾਹੀਦੀ ਹੈ।

ਇਨ੍ਹਾਂ ਪ੍ਰਸਤਾਵਾਂ 'ਤੇ ਸ. ਹੁ. ਤੁ, ਸ਼ਿਰਕੀ, ਸ. ਭ. ਧੋਤਰੇ, ਅਮਰਸਿੰਘ, ਸ਼ਾਂਤ ਵਡਵਾਲਕਰ, ਡੀ. ਇਸ ਲਈ ਜਾਧਵ, ਐੱਮ. ਜੀ ਜਾਧਵ, ਚੌ. ਨੰ. ਮੋਹੀਤੇ, ਸ਼. ਏ. ਉਪਸਥਾਮ, ਸੰ. ਭ. ਅਸਗੋਤਕਰ, ਬਾਂਦਰੇ ਸਕੂਲ ਬੋਰਡ ਮੈਂਬਰ ਆਦਿ ਦੇ ਭਾਸ਼ਣ ਹੋਏ।

ਉਸ ਤੋਂ ਬਾਅਦ ਡਾ: ਬਾਬਾ ਸਾਹਿਬ ਅੰਬੇਡਕਰ ਬੋਲਣ ਲਈ ਖੜ੍ਹੇ ਹੋਏ। ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਅੱਜ ਦੀ ਮੀਟਿੰਗ ਮੁੰਬਈ ਏਰੀਆ ਮਹਾਰ ਪ੍ਰੀਸ਼ਦ ਵੱਲੋਂ ਨਵਾਸ ਟੈਕਸ ਰਾਹੀਂ ਧਰਮ ਪਰਿਵਰਤਨ ਸਬੰਧੀ ਰੱਖੇ ਪ੍ਰਸਤਾਵ ਨੂੰ ਯਾਦ ਕਰਵਾਉਣ ਲਈ ਹੈ। ਇਸ ਲਈ, ਜੇਕਰ ਕੋਈ ਧਰਮ ਪਰਿਵਰਤਨ ਬਾਰੇ ਕੁਝ ਪੁੱਛਣਾ ਚਾਹੁੰਦਾ ਹੈ, ਤਾਂ ਕਿਰਪਾ ਕਰਕੇ ਪੁੱਛੋ। ਜਦੋਂ ਕੋਈ ਉਨ੍ਹਾਂ ਦੇ ਖਦਸ਼ੇ ਨੂੰ ਵਧਾਉਣ ਲਈ ਨਹੀਂ ਉੱਠਿਆ ਤਾਂ ਡਾ: ਬਾਬਾ ਸਾਹਿਬ ਨੇ ਆਪਣਾ ਭਾਸ਼ਣ ਸ਼ੁਰੂ ਕੀਤਾ। ਉਨ੍ਹਾਂ ਕਿਹਾ,

ਪਿਆਰੇ ਭੈਣੋ ਅਤੇ ਭਰਾਵੋ,

ਮੈਂ ਇਸ ਮੀਟਿੰਗ ਵਿੱਚ ਨਹੀਂ ਆਉਣਾ ਸੀ। ਪਰ ਫਿਰ ਮੈਨੂੰ ਪਤਾ ਲੱਗਾ ਕਿ ਕੁਝ ਲੋਕ ਅਜਿਹੇ ਵੀ ਹਨ ਜੋ ਪੁਰਾਣੀ ਪਰੰਪਰਾ ਨਾਲ ਜੁੜੇ ਹੋਏ ਹਨ। ਉਹ ਮਹਾਰ ਕੌਂਸਲ ਵੱਲੋਂ ਪਾਸ ਕੀਤੇ ਧਰਮ ਪਰਿਵਰਤਨ ਪ੍ਰਸਤਾਵ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕਰਦੇ। ਮੈਂ ਇੱਥੇ ਅਜਿਹੇ ਲੋਕਾਂ ਦੇ ਮਨਾਂ ਵਿੱਚ ਪੈਦਾ ਹੋਣ ਵਾਲੇ ਖਦਸ਼ਿਆਂ ਨੂੰ ਦੂਰ ਕਰਨ ਲਈ ਆਇਆ ਹਾਂ।

ਮੈਂ ਪਹਿਲਾਂ ਵੀ ਕਈ ਵਾਰ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਇਸ ਬਾਰੇ ਤੁਹਾਡੇ ਮਨ ਵਿੱਚ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ। 1935 ਵਿੱਚ ਹੋਈ ਮੁੰਬਈ ਏਰੀਆ ਮਹਾਰ ਪ੍ਰੀਸ਼ਦ ਅਸਲ ਵਿੱਚ ਮਹਾਰ ਜਾਤੀ ਦੇ ਇਤਿਹਾਸ ਨੂੰ ਸੁਨਹਿਰੀ ਅੱਖਰਾਂ ਵਿੱਚ ਲਿਖਣ ਵਾਂਗ ਸੀ। ਇਹ ਸਭਾ ਵਿਲੱਖਣ, ਸ਼ਕਤੀਸ਼ਾਲੀ ਅਤੇ ਪੂਰੀ ਤਰ੍ਹਾਂ ਪ੍ਰਤੀਨਿਧ ਬਣ ਗਈ ਹੈ। ਇਸ ਲਈ ਅਜਿਹੀ ਸਭਾ ਵੱਲੋਂ ਪਾਸ ਕੀਤੇ ਮਤੇ ਅਸਲ ਵਿੱਚ ਸਮੁੱਚੀ ਮਹਾਰ ਜਾਤ ਨੂੰ ਪ੍ਰਵਾਨ ਕਰਨੇ ਚਾਹੀਦੇ ਹਨ। ਮਹਾਰ ਜਾਤੀ ਨਾਲ ਸਬੰਧਤ ਬਹੁਗਿਣਤੀ ਲੋਕ ਵੀ ਉਸ ਨੂੰ ਮੰਨਦੇ ਹਨ। ਉਂਜ, ਮੈਂ ਸੁਣਿਆ ਹੈ ਕਿ ਮਹਾਰ ਜਾਤੀ ਦੇ ਬਹੁਤ ਘੱਟ ਲੋਕ ਹਨ ਜੋ ਅਜੇ ਵੀ ਪੁਰਾਣੀ ਪਰੰਪਰਾ ਨਾਲ ਜੁੜੇ ਹੋਏ ਹਨ।

ਮੈਂ ਅਜਿਹੇ ਲੋਕਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਘੱਟ ਗਿਣਤੀ ਦੇ ਲੋਕਾਂ ਨੂੰ ਹਮੇਸ਼ਾ ਬਹੁਗਿਣਤੀ ਦੇ ਨਿਰਦੇਸ਼ਾਂ 'ਤੇ ਚੱਲਣਾ ਪੈਂਦਾ ਹੈ। ਅੱਜ ਦੀ ਕਾਊਂਸਲ ਦੀ ਹੀ ਮਿਸਾਲ ਲੈ ਲਓ। ਅੱਜ ਕਾਂਗਰਸ ਕੋਲ ਕੌਂਸਲ ਵਿੱਚ ਬਹੁਮਤ ਹੈ, ਇਸ ਲਈ ਸਾਨੂੰ ਉਨ੍ਹਾਂ ਦੇ ਬਣਾਏ ਕਾਨੂੰਨਾਂ ਨੂੰ ਮਾਨਤਾ ਦੇਣੀ ਹੋਵੇਗੀ। ਕਹਾਵਤ ਹੈ ਕਿ ਜਾਤੀ ਦੇ ਲਈ ਮਿੱਟੀ ਖਾਣੀ ਪੈਂਦੀ ਹੈ। ਇਸ ਲਈ ਜੇਕਰ ਜਾਤੀ ਧਰਮ ਪਰਿਵਰਤਨ ਦਾ ਫੈਸਲਾ ਕਰਦੀ ਹੈ ਤਾਂ ਕੀ ਇਸ ਨੂੰ ਸਵੀਕਾਰ ਕਰਨਾ ਸਾਡਾ ਫਰਜ਼ ਨਹੀਂ ਹੈ?

ਕਈ ਕੰਮਾਂ ਲਈ ਸਾਨੂੰ ਜਾਤੀ ਵਿੱਚ ਹੀ ਜਾਣਾ ਪੈਂਦਾ ਹੈ। ਇਸ ਲਈ ਜੇਕਰ ਜਾਤੀ ਕੋਈ ਪ੍ਰਸਤਾਵ ਬਣਾਉਂਦੀ ਹੈ ਤਾਂ ਅਸੀਂ ਇਸਨੂੰ ਸਵੀਕਾਰ ਕਿਉਂ ਨਾ ਕਰੀਏ? ਸਾਨੂੰ ਤਿੰਨ ਧਾਰਮਿਕ ਤਿਉਹਾਰ ਜੋ ਹਿੰਦੂ ਧਰਮ ਅਨੁਸਾਰ ਹਨ ਮਨਾਉਣੇ ਬੰਦ ਕਰ ਦੇਣੇ ਚਾਹੀਦੇ ਹਨ ਜੋ ਅਸੀਂ ਮਨਾਉਂਦੇ ਸੀ। ਅੱਜ ਮੈਂ ਤੁਹਾਨੂੰ ਦਸਣ ਜਾ ਰਿਹਾ ਹਾਂ ਉਨ੍ਹਾਂ ਦੇ ਕਾਰਨ ਥੋੜ੍ਹਾ ਵੱਖਰੇ ਹਨ। ਹਿੰਦੂ ਧਰਮ ਦੀ ਵਿਧੀ ਅਨੁਸਾਰ ਕੀਤੇ ਜਾਣ ਵਾਲੇ ਸੰਸਕਾਰ ਕੇਵਲ ਧਾਰਮਿਕ ਨਜ਼ਰੀਏ ਤੋਂ ਹੀ ਨਹੀਂ ਸਗੋਂ ਨੀਤੀਗਤ ਨਜ਼ਰੀਏ ਤੋਂ ਵੀ ਕੀ ਉਹ ਸਹੀ ਹਨ? ਕੀ ਸਾਨੂੰ ਇਸ ਬਾਰੇ ਵੀ ਸੋਚਣਾ ਚਾਹੀਦਾ ਹੈ? ਕੁਝ ਤਰੀਕੇ ਬਿਲਕੁਲ ਉਲ-ਜਲੂਲ ਹਨ

ਉਦਾਹਰਣ ਵਜੋਂ, ਲੋਕ ਭਗਵਾਨ ਸ਼ੰਕਰ ਦੇ ਨਾਮ 'ਤੇ ਸੋਮਵਾਰ ਨੂੰ ਵਰਤ ਰੱਖਦੇ ਹਨ ਅਤੇ ਕਈ ਤਰੀਕਿਆਂ ਨਾਲ ਸ਼ੰਕਰ ਦੀ ਪਿੰਡੀ ਦੀ ਪੂਜਾ ਕਰਦੇ ਹਨ। ਪਰ ਕੀ ਕਦੇ ਕਿਸੇ ਨੇ ਸੋਚਿਆ ਹੈ ਕਿ ਅਸਲ ਵਿੱਚ ਸ਼ੰਕਰ ਦੀ ਪਿੰਡੀ ਕੀ ਹੈ? ਇਹ ਇੱਕ ਆਦਮੀ ਅਤੇ ਇੱਕ ਔਰਤ ਵਿਚਕਾਰ ਜਿਨਸੀ ਸੰਬੰਧਾਂ ਦੇ ਪ੍ਰਤੀਕ ਤੋਂ ਇਲਾਵਾ ਹੋਰ ਕੁਝ ਨਹੀਂ ਹੈ। ਅਸੀਂ ਅਜਿਹੀ ਘਿਨੌਣੀ ਮੂਰਤੀ ਦੇ ਗੁਣ ਕਿਉਂ ਗਾਈਏ? ਜੇਕਰ ਮਰਦ-ਔਰਤਾਂ ਸੜਕਾਂ 'ਤੇ ਕੁੱਤਿਆਂ ਵਾਂਗ ਅਸ਼ਲੀਲ ਹਰਕਤਾਂ ਕਰਨ ਲੱਗ ਜਾਣ ਤਾਂ ਕੀ ਅਸੀਂ ਉਨ੍ਹਾਂ ਦੀ ਫੁੱਲਾਂ ਨਾਲ ਸਵਾਗਤ ਕਰਾਂਗੇ ਜਾਂ ਜੁੱਤੀਆਂ ਨਾਲ ਸੇਵਾ ਕਰਾਂਗੇ? ਫਿਰ ਕੀ ਅਸੀਂ ਪਾਰਵਤੀ-ਸ਼ੰਕਰ ਦੀ ਇਸ ਕਿਰਿਆ ਦੀ ਮੂਰਤ ਭਾਵ ਭਗਵਾਨ ਦੀ ਇਸ ਅਵਸਥਾ ਦੀ ਪੂਜਾ ਕਰੀਏ?

ਗਣਪਤੀ ਦਾ ਵੀ ਇਹੋ ਹਾਲ ਹੈ। ਗਣਪਤੀ ਦੀ ਕਹਾਣੀ ਹੈ ਕਿ ਇੱਕ ਵਾਰ ਪਾਰਵਤੀ ਇਸ਼ਨਾਨ ਕਰ ਰਹੀ ਸੀ। ਉਦੋਂ ਸ਼ੰਕਰ ਕਿਤੇ ਹੋਰ ਚਲਾ ਗਿਆ ਸੀ। ਫਿਰ, ਤਾਂ ਕਿ ਇਸ਼ਨਾਨ ਕਰਨ ਵੇਲੇ ਕੋਈ ਪਰੇਸ਼ਾਨੀ ਨਾ ਹੋਵੇ, ਪਾਰਵਤੀ ਨੇ ਆਪਣੇ ਸਰੀਰ ਦੀ ਮੈਲ ਨੂੰ ਉਤਾਰਿਆ ਅਤੇ ਰੱਖਿਅਕ ਦੇ ਰੂਪ ਵਿਚ ਗਣਪਤੀ ਨੂੰ ਬਣਾਇਆ। ਸੋ, ਮੈਲ ਤੋਂ ਪੈਦਾ ਹੋਏ ਅਮੰਗਲ ਨੂੰ ਰੱਬ ਕਿਵੇਂ ਮੰਨਿਆ ਜਾ ਸਕਦਾ ਹੈ? ਪਰ ਹਿੰਦੂ ਧਰਮ ਦਾ ਰੱਬ ਬਹੁਤ ਅਜੀਬ ਹੈ। ਇਮਾਨਦਾਰੀ ਨਾਲ ਇਸ ਲਈ ਮੈਂ ਸੋਚਦਾ ਹਾਂ ਕਿ ਉਨ੍ਹਾਂ ਦੀ ਪੂਜਾ ਨਾ ਕੀਤੀ ਜਾਵੇ।

ਤੀਜੀ ਗੱਲ ਦੱਤਾਤ੍ਰੇਯ ਦੀ ਹੈ। ਰਿਸ਼ੀ ਅਤਰੀ ਦੀ ਪਤਨੀ ਅਨੁਸੂਆ ਬਹੁਤ ਵੱਡੀ ਪਤੀਵਰਤਾ ਹੈ, ਇਹ ਗੱਲ ਨਾਰਦ ਨੇ ਤਿੰਨ ਦੇਵਤਿਆਂ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਦੀਆਂ ਪਤਨੀਆਂ ਨੂੰ ਕਹੀ ਸੀ। ਉਹ ਕਿਸੇ ਨੂੰ ਆਪਣੇ ਤੋਂ ਵੱਧ ਆਪਣੇ ਪਤੀ ਪ੍ਰਤੀ ਸਮਰਪਤ ਹੁੰਦਾ ਨਹੀਂ ਦੇਖ ਸਕਦੀਆਂ ਸਨ। ਫਿਰ ਇਨ੍ਹਾਂ ਤਿੰਨਾਂ ਔਰਤਾਂ ਨੇ ਆਪਣੇ ਪਤੀਆਂ ਨੂੰ ਅਨੁਸੂਯਾ ਦੇ ਪਤੀਵਰਤਾ ਹੋਣ ਦੀ ਕਸਮ ਤੋੜਨ ਲਈ ਕਿਹਾ। ਅਤੇ ਆਪਣੀਆਂ ਪਤਨੀਆਂ ਦੀ ਸਲਾਹ 'ਤੇ ਚੱਲਦਿਆਂ, ਇਹ ਤਿੰਨ ਬਹਾਦਰ ਆਦਮੀ ਇਸ ਕੰਮ ਨੂੰ ਪੂਰਾ ਕਰਨ ਲਈ ਨਿਕਲ ਪਏ। ਉਹ ਤਿੰਨੋਂ ਅਨਸੂਯਾ ਦੇ ਘਰ ਚਲੇ ਗਏ। ਪਤੀ ਨੂੰ ਕੋਈ ਕੰਮ ਦੱਸ ਕੇ ਬਾਹਰ ਭੇਜ ਦਿੱਤਾ। ਅਤੇ ਖੁਦ ਅਨੁਸੂਯਾ ਦੇ ਕੋਲ ਰਹੇ। ਇਹਨਾਂ ਦੇ ਸਹਿਵਾਸ ਤੋਂ ਅਨੁਸੂਯਾ ਨੇ ਇੱਕ ਬੱਚੇ ਨੂੰ ਜਨਮ ਦਿੱਤਾ। ਇਸ ਬੱਚੇ ਨੂੰ ਜਨਮ ਦੇਣ ਲਈ ਤਿੰਨ ਸਿਰਾਂ ਦੀ ਕਲਪਨਾ ਕੀਤੀ ਗਈ ਸੀ। ਉਹ ਦੱਤਾਤ੍ਰੇਯ ਹੈ।

ਬਹੁਤ ਸਾਰੇ ਲੋਕਾਂ ਨੂੰ ਲੱਗਦਾ ਹੈ ਕਿ ਧਰਮ ਪਰਿਵਰਤਨ ਦੀ ਲਹਿਰ ਹੁਣ ਰੁਕ ਗਈ ਹੈ। ਪਰ ਇਹ ਇਸ ਤਰ੍ਹਾਂ ਨਹੀਂ ਹੈ। ਪਰਿਵਰਤਨ ਹੋਣ ਵਾਲਾ ਹੈ। ਯਾਦ ਰੱਖੋ ਕਿ ਮੈਂ ਇਹ ਅੰਦੋਲਨ ਨਹੀਂ ਛੱਡਿਆ, ਮੈਨੂੰ ਕਈ ਹਿੰਦੂ ਲੋਕ ਕਹਿੰਦੇ ਹਨ ਕਿ "ਤੁਹਾਡੀ ਧਰਮ ਪਰਿਵਰਤਨ ਦੀ ਕਲਪਨਾ ਕਾਰਨ ਸਾਡੀਆਂ ਅੱਖਾਂ ਖੁੱਲ੍ਹ ਗਈਆਂ ਹਨ। ਅਸੀਂ ਹੁਣ ਸੁਚੇਤ ਹੋ ਗਏ ਹਾਂ। ਅਸੀਂ ਹੁਣ ਤੁਹਾਡੇ ਸੂਬੇ ਵਿੱਚ ਆਪਣੇ ਫਰਜ਼ਾਂ ਵਿੱਚ ਕੋਈ ਕੋਤਾਹੀ ਨਹੀਂ ਕਰਾਂਗੇ। ਇਸ ਲਈ ਤੁਸੀਂ ਧਰਮ ਪਰਿਵਰਤਨ ਦੀ ਲਹਿਰ ਨੂੰ ਹੁਣੇ ਬੰਦ ਕਰ ਦਿਓ। ਪਰ ਮੈਂ ਹੁਣ ਤੱਕ ਜੋ ਵੀ ਕਿਹਾ ਹੈ। ਇਸ ਦੇ ਕਾਰਨ ਹਨ।"

ਮੈਂ ਇਸ ਅੰਦੋਲਨ ਨੂੰ ਰੋਕਣਾ ਨਹੀਂ ਚਾਹੁੰਦਾ। ਜੇਕਰ ਤੁਸੀਂ ਕੋਈ ਹੋਰ ਧਰਮ ਸਵੀਕਾਰ ਕਰਨਾ ਚਾਹੁੰਦੇ ਹੋ, ਤਾਂ ਮੈਂ ਉਮੀਦ ਕਰਦਾ ਹਾਂ ਕਿ ਹੁਣ ਤੋਂ ਮਹਾਰ ਜਾਤੀ ਦੇ ਸਾਰੇ ਲੋਕ ਇਸ ਨੂੰ ਮਹਾਰ ਕੌਂਸਲ ਦੇ ਪਾਸ ਕੀਤੇ ਹੋਏ ਪ੍ਰਸਤਾਵ ਸਵੀਕਾਰ ਕੀਤੇ ਜਾਣੇ ਚਾਹੀਦੇ ਹਨ। ਭਾਸ਼ਣ ਤੋਂ ਬਾਅਦ ਧੰਨਵਾਦ ਦਾ ਮਤਾ, ਮਾਲਾ ਅਤੇ ਗੁਲਦਸਤੇ ਭੇਟ ਕੀਤੇ ਗਏ ਅਤੇ ਡਾ. ਅੰਬੇਡਕਰ ਦੇ ਜੈਕਾਰਿਆਂ ਦੀ ਗੂੰਜ ਵਿੱਚ ਮੀਟਿੰਗ ਸਮਾਪਤ ਹੋਈ।

## ਕੱਲ੍ਹ ਦੇ ਲੇਖ ਦਾ ਬਾਕੀ ਭਾਗ....

### ਜੇਕਰ ਸਮਾਂ ਅਤੇ ਹਾਲਾਤ ਅਨੁਕੂਲ ਹੋਣ ਤਾਂ ਦੁਨੀਆ ਦੀ ਕੋਈ ਵੀ ਤਾਕਤ ਇਸ ਦੇਸ਼ ਨੂੰ ਇਕਜੁੱਟ ਹੋਣ ਤੋਂ ਨਹੀਂ ਰੋਕ ਸਕਦੀ।

ਸਰ, ਮੈਂ ਸੰਵਿਧਾਨ ਸਭਾ ਦੇ ਕੁਝ ਮੈਂਬਰਾਂ ਤੋਂ ਸੁਣ ਰਿਹਾ ਹਾਂ ਕਿ ਉਹ ਲੜਨ ਦੀ ਤਿਆਰੀ ਕਰ ਰਹੇ ਹਨ। ਮੈਂ ਮੰਨਦਾ ਹਾਂ ਕਿ ਦੇਸ਼ ਦੇ ਕਿਸੇ ਵੀ ਵਿਅਕਤੀ ਦੇ ਮਨ ਵਿੱਚ ਜੰਗ ਰਾਹੀਂ ਕੌਮ ਨੂੰ ਦਰਪੇਸ਼ ਸਮੱਸਿਆ ਦਾ ਹੱਲ ਲੱਭਣ ਦੇ ਵਿਚਾਰ ਤੋਂ ਮੈਂ ਘਬਰਾ ਗਿਆ ਹਾਂ। ਪਤਾ ਨਹੀਂ ਦੇਸ਼ ਵਿੱਚ ਕਿੰਨੇ ਲੋਕ ਇਸ ਸੋਚ ਦਾ ਸਮਰਥਨ ਕਰਦੇ ਹਨ। ਮੈਨੂੰ ਲਗਦਾ ਹੈ ਕਿ ਇਸਦੇ ਬਹੁਤ ਸਾਰੇ ਸਮਰਥਕ ਹਨ. ਮੈਨੂੰ ਲੱਗਦਾ ਹੈ ਕਿ ਅਜਿਹੇ ਵਿਚਾਰ ਨੂੰ ਬਹੁਮਤ ਤੋਂ ਸਮਰਥਨ ਮਿਲਣ ਦਾ ਕਾਰਨ ਇਹ ਹੋਵੇਗਾ ਕਿ ਉਹ ਮਹਿਸੂਸ ਕਰਦੇ ਹਨ ਕਿ ਇਹ ਜੰਗ ਅੰਗਰੇਜ਼ਾਂ ਵਿਰੁੱਧ ਹੋਵੇਗੀ। ਪਰ ਜਨਾਬ, ਕੀ ਇੱਥੇ ਸੋਚੀ ਜਾ ਰਹੀ ਜੰਗ ਨੂੰ ਸਥਾਨਕ ਖੇਤਰ ਤੱਕ ਹੀ ਸੀਮਤ ਰੱਖਿਆ ਜਾ ਸਕਦਾ ਹੈ ਅਤੇ ਸਿਰਫ਼ ਅੰਗਰੇਜ਼ਾਂ ਵਿਰੁੱਧ? ਜੇ ਅੰਗਰੇਜ਼ਾਂ ਤੋਂ ਬਿਨਾਂ ਕਿਸੇ ਹੋਰ ਨਾਲ ਲੜਨ ਦੀ ਲੋੜ ਨਹੀਂ ਸੀ, ਤਾਂ ਅਜਿਹੀ ਯੋਜਨਾ ਦੇ ਮੇਰੇ ਵਿਰੋਧ ਦਾ ਕੋਈ ਕਾਰਨ ਨਹੀਂ ਸੀ। ਪਰ ਕੀ ਇਹ ਜੰਗ ਸਿਰਫ਼ ਅੰਗਰੇਜ਼ਾਂ ਵਿਰੁੱਧ ਹੀ ਹੋਵੇਗੀ? ਬਿਨਾਂ ਕਿਸੇ ਝਿਜਕ ਦੇ, ਮੈਂ ਇਸ ਸਦਨ ਨੂੰ ਸਪੱਸ਼ਟ ਤੌਰ 'ਤੇ ਦੱਸਣਾ ਚਾਹਾਂਗਾ ਕਿ ਜੇਕਰ ਇਸ ਦੇਸ਼ ਵਿੱਚ ਜੰਗ ਹੁੰਦੀ ਹੈ ਅਤੇ ਜੇਕਰ ਇਹ ਜੰਗ ਸਾਨੂੰ ਦਰਪੇਸ਼ ਸਮੱਸਿਆਵਾਂ ਨਾਲ ਸਬੰਧਤ ਹੈ ਤਾਂ ਇਹ ਜੰਗ ਅੰਗਰੇਜ਼ਾਂ ਵਿਰੁੱਧ ਨਹੀਂ ਹੋਵੇਗੀ, ਮੁਸਲਮਾਨਾਂ ਵਿਰੁੱਧ ਹੋਵੇਗੀ। ਸਭ ਤੋਂ ਮਾੜੀ ਗੱਲ ਇਹ ਹੋ ਸਕਦੀ ਹੈ ਕਿ ਇਹ ਜੰਗ ਅੰਗਰੇਜ਼ਾਂ ਅਤੇ ਮੁਸਲਮਾਨਾਂ ਦੇ ਸਾਂਝੇ ਮੋਰਚੇ ਦੇ ਵਿਰੁੱਧ ਹੋਵੇਗੀ। ਮੈਨੂੰ ਇਸ ਜੰਗ ਦੇ ਕਿਸੇ ਹੋਰ ਤਰੀਕੇ ਨਾਲ ਹੋਣ ਦੀ ਸੰਭਾਵਨਾ ਨਜ਼ਰ ਨਹੀਂ ਆਉਂਦੀ।

ਸਰ, ਮੈਂ ਅਮਰੀਕਾ ਨਾਲ ਸੁਲ੍ਹਾ-ਸਫਾਈ ਤੋਂ ਪਹਿਲਾਂ ਬਰਕ ਦੇ ਬਿਆਨ ਦਾ ਕੁਝ ਹਿੱਸਾ ਸਦਨ ਵਿੱਚ ਪੜ੍ਹਨਾ ਚਾਹਾਂਗਾ। ਮੈਨੂੰ ਯਕੀਨ ਹੈ ਕਿ ਸਦਨ ਦੇ ਮਾਹੌਲ ਨੂੰ ਸ਼ਾਂਤ ਕਰਨ ਵਿੱਚ ਇਸ ਦਾ ਕੁਝ ਫਾਇਦਾ ਹੋਵੇਗਾ। ਤੁਸੀਂ ਜਾਣਦੇ ਹੋ ਕਿ ਬ੍ਰਿਟਿਸ਼ ਅਮਰੀਕਾ ਦੀਆਂ ਬਾਗੀ ਬਸਤੀਆਂ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਅੰਗਰੇਜ਼ਾਂ ਨੇ ਉਨ੍ਹਾਂ ਦੀ ਇੱਛਾ ਦੇ ਵਿਰੁੱਧ ਉਨ੍ਹਾਂ ਨੂੰ ਆਪਣੇ ਅਧੀਨ ਕਰਨ ਦਾ ਇਰਾਦਾ ਕੀਤਾ। ਫਿਰ, ਕਲੋਨੀਆਂ ਦੀ ਜਿੱਤ ਅਤੇ ਅਧੀਨਗੀ ਦਾ ਵਿਰੋਧ ਕਰਦੇ ਹੋਏ, ਬਰਕ ਨੇ ਕਿਹਾ ਸੀ,

"ਜਨਾਬ, ਮੈਨੂੰ ਇਹ ਕਹਿਣ ਦੀ ਇਜਾਜ਼ਤ ਦਿਓ ਕਿ ਤਾਕਤ ਦੀ ਵਰਤੋਂ ਦਾ ਪ੍ਰਭਾਵ ਸਿਰਫ ਅਸਥਾਈ ਹੁੰਦਾ ਹੈ। ਇਸਦੇ ਆਧਾਰ 'ਤੇ ਅਧਿਕਾਰ ਥੋੜ੍ਹੇ ਸਮੇਂ ਲਈ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ। ਉਨ੍ਹਾਂ ਨੂੰ ਦਬਾਉਣ ਲਈ ਦੁਬਾਰਾ ਤਾਕਤ ਦੀ ਵਰਤੋਂ ਕਰਨ ਦੀ ਜ਼ਰੂਰਤ ਨੂੰ ਹਮੇਸ਼ਾ ਲਈ ਰੱਦ ਨਹੀਂ ਕੀਤਾ ਜਾ ਸਕਦਾ। ਜਿਸ ਕੌਮ ਨੂੰ ਸਦਾ ਲਈ ਆਪਣੇ ਅਧੀਨ ਰੱਖਣਾ ਹੁੰਦਾ ਹੈ, ਉਸ ਨੂੰ ਇਸ ਤਰ੍ਹਾਂ ਰਾਜ ਨਹੀਂ ਕੀਤਾ ਜਾ ਸਕਦਾ।

ਮੇਰਾ ਦੂਜਾ ਇਤਰਾਜ਼ ਵਰਤੀ ਗਈ ਤਾਕਤ ਦੇ ਨਤੀਜਿਆਂ ਬਾਰੇ ਅਨਿਸ਼ਚਿਤਤਾ ਬਾਰੇ ਹੈ। ਇਹ ਜ਼ਰੂਰੀ ਨਹੀਂ ਕਿ ਤਾਕਤ ਦੀ ਵਰਤੋਂ ਹਮੇਸ਼ਾ ਦਹਿਸ਼ਤ ਪੈਦਾ ਕਰਦੀ ਹੈ ਅਤੇ ਤਿਆਰ ਫ਼ੌਜ ਦਾ ਮਤਲਬ ਜਿੱਤ ਨਹੀਂ ਹੁੰਦਾ। ਫੇਲ ਹੋਣ ਦੀ ਸੂਰਤ ਵਿੱਚ ਹੋਰ ਕੋਈ ਵਿਕਲਪ ਨਹੀਂ ਬਚਦਾ। ਜੇਕਰ ਗੱਲਬਾਤ ਅਸਫਲ ਹੋ ਜਾਂਦੀ ਹੈ, ਤਾਂ ਤਾਕਤ ਦੀ ਵਰਤੋਂ ਕਰਨ ਦਾ ਇੱਕੋ ਇੱਕ ਵਿਕਲਪ ਬਚਦਾ ਹੈ। ਪਰ ਫਿਰ ਜੇਕਰ ਤਾਕਤ ਦੀ ਵਰਤੋਂ ਨਾਕਾਮ ਹੋ ਜਾਂਦੀ ਹੈ ਤਾਂ ਗੱਲਬਾਤ ਦਾ ਕੋਈ ਸਾਧਨ ਨਹੀਂ ਬਚਦਾ।

ਕਈ ਵਾਰ ਦਿਆਲਤਾ ਦੇ ਬਦਲੇ ਸ਼ਕਤੀ ਅਤੇ ਅਧਿਕਾਰ ਪ੍ਰਾਪਤ ਕੀਤਾ ਜਾ ਸਕਦਾ ਹੈ, ਪਰ ਸ਼ਕਤੀ ਅਤੇ ਅਧਿਕਾਰ ਦੀ ਵਰਤੋਂ ਅਤੇ ਹਿੰਸਾ ਨੂੰ ਹਰਾਉਣ ਦੁਆਰਾ ਭੀਖ ਨਹੀਂ ਮੰਗੀ ਜਾ ਸਕਦੀ।

ਤਾਕਤ ਦੀ ਵਰਤੋਂ ਦਾ ਮੇਰਾ ਵਿਰੋਧ ਇਸ ਲਈ ਵੀ ਹੈ ਕਿਉਂਕਿ ਤੁਸੀਂ ਆਪਣੇ ਯਤਨਾਂ ਦੀ ਸਿਖਰ 'ਤੇ ਹਿੰਸਾ ਦੀ ਵਰਤੋਂ ਕਰਕੇ ਜੋ ਪ੍ਰਾਪਤ ਕਰਦੇ ਹੋ, ਉਸ ਨੂੰ ਨੁਕਸਾਨ ਪਹੁੰਚਾਓਗੇ। ਜੋ ਤੁਹਾਨੂੰ ਮਿਲਦਾ ਹੈ, ਉਹ ਆਪਣੇ ਅਸਲੀ ਰੂਪ ਵਿਚ ਨਹੀਂ ਰਹੇਗਾ, ਇਹ ਘਟਿਆ ਹੋਇਆ ਹੋਵੇਗਾ, ਬਰਬਾਦੀ ਅਤੇ ਵਿਨਾਸ਼ ਦੇ ਰੂਪ ਵਿੱਚ ਹੋਵੇਗਾ।,

ਇਨ੍ਹਾਂ ਅਨਮੋਲ ਸ਼ਬਦਾਂ ਵੱਲ ਧਿਆਨ ਨਾ ਦੇਣਾ ਨੁਕਸਾਨਦੇਹ ਹੋ ਸਕਦਾ ਹੈ।

ਜੇਕਰ ਕੋਈ ਤਾਕਤ ਦੀ ਵਰਤੋਂ ਨਾਲ ਹਿੰਦੂ-ਮੁਸਲਿਮ ਸਮੱਸਿਆ ਨੂੰ ਹੱਲ ਕਰਨ ਦੀ ਕਿਸੇ ਦੀ ਯੋਜਨਾ ਹੈ, ਤਾਂ ਮੈਂ ਸਪੱਸ਼ਟ ਤੌਰ 'ਤੇ ਕਹਿੰਦਾ ਹਾਂ ਕਿ ਉਨ੍ਹਾਂ ਨੂੰ ਇਹ ਯਾਦ ਰੱਖਣਾ ਹੋਵੇਗਾ ਕਿ ਜੇਕਰ ਉਹ ਮੁਸਲਮਾਨਾਂ ਨੂੰ ਜੰਗ ਦੀ ਮਦਦ ਨਾਲ ਹਰਾਉਣਾ ਚਾਹੁੰਦੇ ਹਨ ਅਤੇ ਉਨ੍ਹਾਂ ਨੂੰ ਸੰਵਿਧਾਨ ਦੇ ਦਾਇਰੇ ਵਿੱਚ ਲਿਆਉਣਾ ਚਾਹੁੰਦੇ ਹਨ। ਜੇਕਰ ਉਨ੍ਹਾਂ ਨੂੰ ਸੰਵਿਧਾਨ ਦੀ ਸ਼ਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ, ਤਾਂ ਇਹ ਉਨ੍ਹਾਂ ਦੀ ਸਹਿਮਤੀ ਤੋਂ ਬਿਨਾਂ ਕੀਤਾ ਜਾਵੇਗਾ, ਤਾਂ ਇਸ ਦੇਸ਼ ਨੂੰ ਹਮੇਸ਼ਾ ਲਈ ਇਹ ਯਤਨ ਜਾਰੀ ਰੱਖਣੇ ਪੈਣਗੇ। ਇੱਕ ਵਾਰ ਦੀ ਜਿੱਤ ਹਮੇਸ਼ਾ ਦੀ ਜਿੱਤ ਸਾਬਤ ਨਹੀਂ ਹੋਵੇਗੀ।

ਹੁਣ ਤੱਕ ਮੈਂ ਜਿਨਾਂ ਸਮਾਂ ਲਿਆ ਹੈ ਉਸ ਤੋਂ ਜ਼ਿਆਦਾ ਸਮਾਂ ਨਹੀਂ ਲੈਣਾ ਚਾਹੁੰਦਾ। ਮੈਂ ਇੱਕ ਵਾਰ ਫਿਰ ਬਰਕ ਦਾ ਹਵਾਲਾ ਦੇ ਕੇ ਆਪਣਾ ਭਾਸ਼ਣ ਸਮਾਪਤ ਕਰਨਾ ਚਾਹਾਂਗਾ। ਬਰਕ ਨੇ ਇੱਕ ਥਾਂ ਕਿਹਾ ਹੈ, 'ਸੱਤਾ ਦੇਣਾ ਆਸਾਨ ਹੈ, ਅਕਲ ਦੇਣਾ ਔਖਾ ਹੈ।' ਅਸੀਂ ਆਪਣੇ ਚਾਲ-ਚਲਣ ਰਾਹੀਂ ਸਾਬਤ ਕਰਾਂਗੇ ਕਿ ਅਸੀਂ ਇਸ ਅਸੈਂਬਲੀ ਦੁਆਰਾ ਪ੍ਰਾਪਤ ਪ੍ਰਭੂਸੱਤਾ ਸੰਪੰਨ ਅਧਿਕਾਰ ਨੂੰ ਸਮਝਦਾਰੀ ਨਾਲ ਵਰਤਣ ਲਈ ਤਿਆਰ ਹਾਂ। ਦੇਸ਼ ਦੇ ਸਾਰੇ ਹਿੱਸਿਆਂ ਨੂੰ ਆਪਣੇ ਨਾਲ ਲੈ ਕੇ ਚੱਲਣ ਦਾ ਇਹੀ ਤਰੀਕਾ ਹੈ। ਏਕਤਾ ਵੱਲ ਅੱਗੇ ਵਧਣ ਦਾ ਹੋਰ ਕੋਈ ਰਸਤਾ ਨਹੀਂ ਹੈ। ਇਸ ਬਾਰੇ ਤੁਹਾਡੇ ਮਨ ਵਿੱਚ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ।

# ਮਨਜਿੰਦਰ ਕੁਮਾਰ ਬੱਬੂ ਸ਼ਰਮਾ ਆਪਣੀ ਡਿਊਟੀ ਤੋਂ ਘਰ ਵਾਪਸ ਜਾ ਰਿਹਾ ਸੀ ਤਾਂ ਰਸਤੇ ਵਿੱਚ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਗਈ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 24 ਅਕਤੂਬਰ
INTERNATIONAL PAPER, 94636 01616
hardipchumber57@gmail.com

ਅੱਜ ਮਿਤੀ 23-10-2025 ਨੂੰ ਕੰਟਰੈਕਟ ਪੀਆਰਟੀਸੀ ਵਰਕਰ ਯੂਨੀਅਨ ਆਜ਼ਾਦ ਰਜਿ. 31/07. ਪਟਿਆਲਾ ਡਿੱਪੂ ਦੇ ਆਗੂਆਂ ਜਸਪਾਲ ਸਿੰਘ ਭਾਉ ਪ੍ਰਧਾਨ ਗੁਰਦੀਪ ਸਿੰਘ ਭਵਾਨੀਗੜ੍ਹ ਜਨਰਲ ਸਕੱਤਰ ਹਰਵਿੰਦਰ ਸਿੰਘ ਸਰਪ੍ਰਸਤ ਸੁਖਬੀਰ ਸਿੰਘ ਖਜ਼ਾਨਚੀ ਅਤੇ ਗੁਰਧਿਆਨ ਸਿੰਘ ਭਾਨਰਾ ਵਲੋਂ ਮੀਟਿੰਗ ਕਰਕੇ ਪ੍ਰੈਸ ਦੇ ਨਾਂ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਮਿਤੀ 20-10-2025 ਨੂੰ ਰਾਤ ਸਮੇਂ ਜਦੋਂ ਸਾਡੀ ਜੱਥੇਬੰਦੀ ਦੇ ਸੂਬਾ ਜਨਰਲ ਸਕੱਤਰ ਮਨਜਿੰਦਰ ਕੁਮਾਰ ਬੱਬੂ ਸ਼ਰਮਾ ਆਪਣੀ ਡਿਊਟੀ ਤੋਂ ਘਰ ਵਾਪਸ ਜਾ ਰਿਹਾ ਸੀ ਤਾਂ ਰਸਤੇ ਵਿੱਚ ਉਸ ਦੇ ਹੀ ਪਿੰਡ ਦੇ ਵਾਸਿੰਦੇ ਕੁਝ ਵਿਅਕਤੀਆਂ ਵਲੋਂ ਉਸ ਤੇ ਘੇਰ ਕੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਪਰੰਤੂ ਜਦੋਂ ਉਹ ਰਸਤੇ ਵਿੱਚ ਉਨ੍ਹਾਂ ਦੇ ਕਾਬੂ ਨਾ ਆਇਆ ਤਾਂ ਉਨ੍ਹਾਂ ਨੇ ਰਾਤ ਤਕਰੀਬਨ 8:30 ਵਜੇ ਹਥਿਆਰਾਂ ਨਾਲ ਲੈਸ ਦੋ ਦਰਜਨ ਦੇ ਕਰੀਬ ਵਿਅਕਤੀ ਜਿਨ੍ਹਾਂ 'ਚ ਔਰਤਾਂ ਵੀ ਸ਼ਾਮਿਲ ਸਨ , ਨਾਲ ਲੈ ਕੇ ਉਨ੍ਹਾਂ ਦੇ ਘਰ ਤੇ ਹਮਲਾ ਕਰਕੇ ਉਨ੍ਹਾਂ ਦੇ ਪਰਿਵਾਰ ਸਮੇਤ ਔਰਤਾਂ ਬੱਚੇ ਦੇ ਗੰਭੀਰ ਸੱਟਾਂ ਮਾਰਕੇ ਜਾਨੋਂ ਮਾਰਨ ਦੀ ਕੋਸ਼ਿਸ਼ ਕੀਤੀ ਜਿਸ ਵਿੱਚ ਮਨਜਿੰਦਰ ਕੁਮਾਰ ਬੱਬੂ ਸ਼ਰਮਾ ਅਤੇ ਉਸਦੇ ਪਰਿਵਾਰਕ ਮੈਂਬਰ ਪਤਨੀ ਪਤਨੀ ਦਾ ਭਰਾ ਪੁੱਤਰ ਅਤੇ ਭਰਜਾਈ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਜਿਨ੍ਹਾਂ ਦਾ ਇਲਾਜ ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਚੱਲ ਰਿਹਾ ਹੈ।

ਜੱਥੇਬੰਦੀ ਦੇ ਆਗੂਆਂ ਨੇ ਕਰੜੇ ਸ਼ਬਦਾਂ ਵਿੱਚ ਇਸ ਘਟਨਾਂ ਦੀ ਨਿੰਦਿਆ ਕੀਤੀ ਅਤੇ ਕਿਹਾ ਕਿ ਲਾਅ ਐਂਡ ਆਰਡਰ ਨੂੰ ਛਿੱਕੇ ਟੰਗ ਕੀਤੀ ਗਈ ਇਸ ਰੂਹ ਕਬਾਊ ਵਾਰਦਾਤ ਦੇ ਮੁਲਜ਼ਮਾਂ ਦੇ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ ਤਾਂ ਕਿ ਇਹੋ ਜਿਹੇ ਸ਼ਰਾਰਤੀ ਅਨਸਰਾਂ ਨੂੰ ਕਾਨੂੰਨ ਮੁਤਾਬਿਕ ਬਣਦੀ ਸਖ਼ਤ ਸਜ਼ਾ ਮਿਲ ਸਕੇ ਪਰ ਜੇਕਰ ਪੁਲਿਸ ਪ੍ਰਸ਼ਾਸਨ ਵਲੋਂ ਉਨ੍ਹਾਂ ਨੂੰ ਕੋਈ ਢਿੱਲ ਦਿੱਤੀ ਗਈ ਤਾਂ ਜੱਥੇਬੰਦੀ ਨੂੰ ਪੁਲਿਸ ਪ੍ਰਸ਼ਾਸਨ ਖ਼ਿਲਾਫ਼ ਮੋਰਚਾ ਖੋਲ ਕੇ ਰੋਸ਼ ਪ੍ਰਦਰਸ਼ਨ ਕਰਨ ਲਈ ਮਜ਼ਬੂਰ ਹੋਣਾ ਪਏਗਾ।

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 24 ਅਕਤੂਬਰ
INTERNATIONAL PAPER, 94636 01616
hardipchumber57@gmail.com

# ਆਹ !!! ਇਕ ਸਿਰੜੀ ਅਤੇ ਸਿਦਕਵਾਨ ਅੰਬੇਡਕਰੀ ਤੁਰ ਗਿਆ

ਫਤਿਹਜੰਗ ਸਿੰਘ
ਸਾਬਕਾ ਡਿ. ਡਾਇਰੈਕਟਰ
98726 70278



ਮਾਣਯੋਗ ਕੇ. ਸੀ. ਸੁਲੇਖ ਇਕ ਪੂਰੇ ਸੂਰੇ ਅੰਬੇਡਕਰਵਾਦੀ ਜਿਉੜੇ, ਕਰਮੱਤ ਅੰਬੇਡਕਰਵਾਦੀ ਲੇਖਕ, ਬਾਬਾ ਸਾਹਿਬ ਦੇ ਸਿਦਕਵਾਨ ਅਨੁਯਾਈ ਅਤੇ ਉਨ੍ਹਾਂ ਦੇ ਅਖੀਰਲੇ ਜੀਵਤ ਨੇੜਲੇ ਸਾਥੀ ਸਨ ਜੋ 99 ਸਾਲ ਦੀ ਉਮਰ ਵਿਚ 16 ਅਕਤੂਬਰ 2025 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ। ਉਹਨਾਂ ਦੇ ਸਪੁੱਤਰ ਵਿਜੈ ਕੁਮਾਰ ਨੇ ਜਿਉਂ ਹੀ ਫੋਨ ‘ਤੇ ਇਹ ਖਬਰ ਦੱਸੀ ਤਾਂ ਇਕ ਤਿੱਖੀ ਚੀਸ ਦਾ ਅਨੁਭਵ ਹੋਇਆ ਜਿਸ ਵਿਚੋਂ ਅਹਿਸਾਸ ਹੋਇਆ ਜਿਵੇਂ ਬਾਬਾ ਸਾਹਿਬ ਅੱਜ ਸਾਡੇ ਵਿਚੋਂ ਗਏ ਹਨ, ਉਹ ਹੁਣ ਤੱਕ ਸਾਡੇ ਅੰਗ-ਸੰਗ ਹੀ ਸਨ। ਸੁਲੇਖ ਸਾਹਿਬ (ਪੂਰਾ ਨਾਂ ਕਰਤਾਰ ਚੰਦ ਸੁਲੇਖ) ਦੇ ਭਰ ਜੀਵਨ ਵਿਚ ਸ਼ਾਇਦ ਹੀ ਕੋਈ ਪਲ ਅਜਿਹਾ ਆਇਆ ਹੋਵੇ ਜਦੋਂ ਉਹਨਾਂ ਨੇ ਬਾਬਾ ਸਾਹਿਬ ਤੋਂ ਪਾਸਾ ਵੱਟਿਆ ਹੋਵੇ।ਜਵਾਨੀ ਦੇ ਸ਼ੁਰੂਆਤੀ ਦਿਨਾਂ ਤੋਂ ਹੀ ਜਦੋਂ ਤੋਂ ਉਹਨਾਂ ਨੂੰ ਬਾਬਾ ਸਾਹਿਬ ਦੀ ਸ਼ਖਸੀਅਤ, ਵਿਦਵਤਾ ਤੋਂ ਵਿਚਾਰਧਾਰਾ ਬਾਰੇ ਪਤਾ ਚੱਲਿਆ ਤਾਂ ਉਹ ਉਹਨਾਂ ਨੂੰ ਮਿਲਣ ਲਈ ਤੜਫ ਉੱਠੇ। ਮਿਲਣ ਲਈ ਮੌਕਾ ਲੱਗਿਆ ਤਾਂ ਉਹਨਾਂ ਨਾਲ ਅਜਿਹੇ ਜੁੜੇ ਕਿ ਫਿਰ ਪੂਰੀ ਸਰਗਰਮੀ ਨਾਲ ਜੁੜਦੇ ਹੀ ਚਲੇ ਗਏ ਅਤੇ ਅੰਤ ਤੱਕ ਜੁੜੇ ਬਾਬਾ ਸਾਹਿਬ ਦੇ ਮਿਸ਼ਨ ਨੂੰ ਸਮਰਪਿਤ ਰਹੇ।

ਕੇ. ਸੀ. ਸੁਲੇਖ ਜੀ ਦਾ ਜਨਮ ਜ਼ਿਲ੍ਹਾ ਜਲੰਧਰ (ਹੁਣ ਜ਼ਿਲ੍ਹਾ ਨਵਾਂ ਸ਼ਹਿਰ) ਸ਼ਹਿਰ ਬੰਗਾ ਵਿਚ ਪਿਤਾ ਸ੍ਰੀ ਬੀਰ ਰਾਮ ਤੇ ਮਾਤਾ ਦਾਨੀ ਦੇ ਘਰ 20 ਜੁਲਾਈ 1927 ਨੂੰ ਹੋਇਆ। ਛੇ ਭੈਣ-ਭਰਾਵਾਂ ਵਿਚੋਂ ਇਹ ਪੰਜਵੇਂ ਨੰਬਰ ਤੇਂ ਸਨ। ਪਿਤਾ ਕਾਫ਼ੀ ਸੁਧਾਰਵਾਦੀ ਅਤੇ ਅਗਾਂਹਵਧੂ ਬਿਰਤੀ ਦੇ ਮਾਲਕ ਸਨ। ਥੋੜ੍ਹੇ ਬਹੁਤ ਪੜ੍ਹੇ ਹੋਏ ਸਨ। ਗੁਰੂ ਰਵਿਦਾਸ ਅਤੇ ਕਬੀਰ ਸਾਹਿਬ ਤੇ ਕਵਿਤਾਵਾਂ ਵੀ ਲਿਖਦੇ ਸਨ। ਜਦੋਂ ਸੁਲੇਖ ਜੀ ਕੁਝ ਵੱਡੇ ਹੋਏ ਤਾਂ ਵਿਦਿਆ ਦੇ ਪਹਿਲੇ ਅੱਖਰ ਪਿਤਾ ਵੱਲੋਂ ਹੀ ਸਿਖਾਏ ਗਏ। ਵਿਦਿਆ ਦੀ ਮਹੱਤਤਾ ਅਤੇ ਕਦਰ ਲਈ ਪਿਤਾ ਦੇ ਇਹ ਬੋਲ ਉਹਨਾਂ ਨੇ ਹਮੇਸ਼ਾ ਆਪਣੇ ਦਿਲ ਵਿਚ ਸਾਂਭ ਲਏ ਕਿ, ‘’ਦੇਖ, ਵਿਦਿਆ ਇਕ ਬਹੁਤ ਵੱਡੀ ਸ਼ਕਤੀ ਹੈ, ਹਿਸਦਾ ਅਪਮਾਨ ਮਤ ਕਰਨਾ। ਅੱਖਰਾਂ ਵਿਚ ਕਦੇ ਕੋਈ ਗੰਦੀ ਗਾਲ੍ਹੀ ਨਾ ਲਿਖਣਾ ਅਤੇ ਨਾ ਹੀ ਲਿਖੇ ਪੱਤਰਿਆਂ ਨੂੰ ਪੈਰਾ ਥੱਲੇ ਮਿੱਧਣਾ।” ਇਸੇ ਲਈ ਸ਼ਾਇਦ ਉਹ ਦਿਲ ਲਗਾ ਕੇ ਪੜ੍ਹਦੇ ਰਹੇ ਤੇ ਹਰ ਕਲਾਸ ਵਿਚ ਫਸਟ ਆਉਂਦੇ ਰਹੇ। ਜਦੋਂ ਉਹਨਾਂ ਬੀ. ਏ. ਕੀਤੀ ਉਦੋਂ ਉਹ ਆਪਣੇ ਇਲਾਕੇ ਵਿਚ ਤੀਜੇ ਬੰਦੇ ਸਨ ਇਹ ਡਿਗਰੀ ਲੈਣ ਵਾਲੇ। ਅੱਖਰਾਂ ਦੇ ਵਧੀਆ ਲੇਖਕ ਵੀ ਬਣੇ।

ਪਿਤਾ ਵੱਲੋਂ ਲਿਖੀਆਂ ਕਵਿਤਾਵਾਂ/ਗਾਣੇ ਗਾਣ ਦਾ ਬਚਪਨ ਤੋਂ ਹੀ ਸ਼ੌਂਕ ਪੈਦਾ ਹੋ ਗਿਆ ਸੀ। ਉਹਨਾਂ ਨੂੰ ਸੁੰਦਰ ਲਿਖਾਈ ਦਾ ਵੀ ਸ਼ੋਕ ਸੀ, ਜਿਸ ਕਰਕੇ ਉਹਨਾਂ ਦੇ ਇਕ ਅਧਿਆਪਕ ਨੇ ਉਹਨਾਂ ਨੂੰ ‘ਸੁਲੇਖ ਦਾ ਲਕਬ ਦਿੱਤਾ, ਜਿਸਨੂੰ ਉਹ ਫਿਰ ਆਪਣੇ ਕੋਲੋਂ ਵੱਖ ਨਾ ਕਰ ਸਕੇ। ਇਕ ਘਟਨਾ ਨੇ ਉਹਨਾਂ ਨੂੰ ਬੜਾ ਪ੍ਰੇਸ਼ਾਨ ਕੀਤਾ, ਜਦੋਂ ਉਹ ਚੌਥੀ ਜਮਾਤ ਵਿਚ ਅੱਵਲ ਆਏ ਤਾਂ ਅੱਵਲ ਆਉਣ ‘ਤੇ ਜੋ ਵਜ਼ੀਫਾ ਸਕੂਲ ਵੱਲੋਂ ਦਿੱਤਾ ਜਾਂਦਾ ਸੀ ਉਹ ਇਸ ਕਰਕੇ ਨਾ ਦਿੱਤਾ ਗਿਆ ਕਿ ਉਹ ਗੈਰ- ਕਾਸ਼ਤਕਾਰ ਜਾਤੀ ਨਾਲ ਸਬੰਧਤ ਸਨ। ਉਹਨਾਂ ਨੂੰ ਬਹੁਤ ਦੁੱਖ ਹੋਇਆ ਪਰ ਪੜ੍ਹਾਈ ਉਸੇ ਜੋਸ਼ ਨਾਲ ਜਾਰੀ ਰੱਖੀ।

ਪਿਤਾ ਬਹੁਤੀ ਦੇਰ ਜਿੰਦਾ ਨਾ ਰਹੇ ਪਰ ਉਹ ਤੰਗੀਆਂ ਤੁਰਸ਼ੀਆਂ ਵਿਚ ਪੜ੍ਹਦੇ ਰਹੇ। ਸਕੂਲ ਟਾਈਮ ਜਦੋਂ ਉਹ ਅੱਠਵੀਂ ਵਿਚ ਸਨ ਤਾਂ 1941 ਵਿਚ ਪਹਿਲੀ ਵਾਰੀ ਉਹਨਾਂ ਨੇ ਆਪਣੇ ਇਕ ਅਧਿਆਪਕ ਦੇ ਮੂੰਹੋਂ ਡਾ. ਅੰਬੇਡਕਰ ਦਾ ਨਾਂ ਸੁਣਿਆ, ਜਿਸਨੇ ਦੱਸਿਆ ਕਿ ਉਹ ਬਾਹਰੋਂ ਬਹੁਤ ਪੜ੍ਹ ਕੇ ਆਏ ਅਤੇ ਅਛੂਤਾਂ ਲਈ ਕੰਮ ਕਰ ਰਹੇ ਹਨ। ਇਹ ਸੁਣ ਕੇ ਉਹਨਾਂ ਦੇ ਦਿਲ ਵਿਚ ਡਾ. ਅੰਬੇਡਕਰ ਨੂੰ ਵੇਖਣ ਦੀ ਤੀਬਰ ਇੱਛਾ ਪੈਦਾ ਹੋਈ। ਉਹਨਾਂ ਦਿਨਾਂ ਵਿਚ ਹੀ ਰਾਜਨੀਤਿਕ ਸਰਗਰਮੀਆਂ ਜ਼ੋਰਾਂ ‘ਤੇ ਸੀ। ਵੱਖ-ਵੱਖ ਪਾਰਟੀਆਂ ਦੇ ਇਲਾਵਾ ਹੋਰ ਵੀ ਕਈ ਸਮਾਜਿਕ ਅਤੇ ਧਾਰਮਿਕ ਜਥੇਬੰਦੀਆਂ ਮੈਦਾਨ ਵਿਚ ਸਨ। ਉਸ ਵੇਲੇ ਆਦਿ ਧਰਮ ਮੰਡਲ ਲਹਿਰ ਵੀ ਜ਼ੋਰਾਂ ‘ਤੇ ਸੀ। ਸੁਲੇਖ ਸਾਹਿਬ ਵੀ ਅਕਸਰ ਸੋਚਦੇ ਕਿ ਸਾਡਾ ਪਿਛੜਿਆ ਸਮਾਜ ਵੀ ਰਾਜਪਾਟ ਲਈ ਕਿਉਂ ਆਵਾਜ਼ ਨਹੀਂ ਉਠਾਉਂਦਾ? ਇਹਨਾਂ ਨੂੰ ਨਾ ਗਾਉਣ ਦਾ ਸ਼ੌਂਕ ਤਾਂ ਹੈ ਹੀ ਨਹੀਂ, ਬੱਸ ਫਿਰ ‘ਆਦਿ ਧਰਮ ਰਵਿਦਾਸ ਬਾਲ ਸਭਾ ਬਣਾ ਕੇ ਸਮਾਜਿਕ ਜਾਗਰਤੀ ਦਾ ਕੰਮ ਆਰੰਭ ਦਿੱਤਾ। ਹਰਮੋਨੀਅਮ ਸਿੱਖ ਕੇ ਸੰਗੀਤ ਮੰਡਲੀ ਤਿਆਰ ਕੀਤੀ। ਗੁਰੂ ਰਵਿਦਾਸ ਮਹਿਮਾ ਵਿਚ ਗੀਤ ਲਿਖੇ, ਫਿਲਮੀ ਤਰਜ਼ਾਂ ਤੇ ਪੈਹੇੜੀਆਂ ਲਿਖੀਆਂ ਵੀ ਤੋਂ ਗਾਈਆਂ ਵੀ।

ਇਸੇ ਸਮੇਂ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਦਾ ਨਾਂ ਵੀ ਕਾਫ਼ੀ ਚਰਚਾ ਵਿਚ ਸੀ ਕਿ ਉਹਨਾਂ ਨੇ ਮਹਾਤਮਾ ਗਾਂਧੀ ਨਾਲ ਲੜ ਕੇ ਅਛੂਤਾਂ ਲਈ ਵੱਖਰੇ ਅਧਿਕਾਰ ਨਿਤੇ। ਇਹ ਵੀ ਚਰਚਾ ਵਿਚ ਸੀ ਕਿ ਲੰਡਨ ਵਿਚ ਚੱਲ ਰਹੀ ਗੋਲਮੇਜ ਕਾਨਫਰੰਸਾਂ ਵਿਚ ਜਦੋਂ ਗਾਂਧੀ ਤੇ ਅੰਬੇਡਕਰ ਵਿਚ ਅਛੂਤਾਂ ਦੀ ਲੀਡਰੀ ਲਈ ਟਕਰਾਅ ਹੋਇਆ ਤਾਂ ਆਦਿ ਧਰਮ ਮੰਡਲ ਨੇ ਥਾਂ-ਥਾਂ ਤੋਂ ਤਾਰਾਂ (ਟੈਲੀਗ੍ਰਾਫ਼) ਭੇਜ ਕੇ ਅੰਬੇਡਕਰ ਨੂੰ ਲੀਡਰ ਚੁਣਨ ਵਿਚ ਮਹੱਤਵਪੂਰਨ ਰੋਲ ਨਿਭਾਇਆ। ਬਾਬਾ ਸਾਹਿਬ ਵੱਲੋਂ 1942 ਵਿਚ ਸ਼ੁਰੂ ਕੀਤੀ ‘ਸ਼ਡਿਊਲਡ ਕਾਸਟ ਫੈਡਰੇਸ਼ਨ ਦੀ ਪੰਜਾਬ ਵਿਚ ਸੇਠ ਕਿਸ਼ਨ ਦਾਸ ਦੀ ਅਗਵਾਈ ਵਿਚ ਸਥਾਪਤ ਹੋਈ। ਇਹਨਾਂ ਦਿਨਾਂ ਵਿਚ ਛੂਤਛਾਤ ਜ਼ੋਰਾਂ ਤੇ ਸੀ। ਸਕੂਲ ਵਿਚ ਅਛੂਤ ਘੜੇ ਵਿਚੋਂ ਪਾਣੀ ਨਹੀਂ ਸੀ ਪੀ ਸਕਦੇ। ਸੁਲੇਖ ਸਾਹਿਬ ਨੇ ਖੁਦ ਮਿਊਂਸਪਲਟੀ ਦੇ ਨਾਲਕੇ ਤੋਂ ਪਾਣੀ ਪੀ ਲੈਣ ‘ਤੇ ਕੁੱਟ ਖਾਧੀ ਸੀ। ਇਹਨਾਂ ਦਾ ਅੰਦਰ ਵਿਦਰੋਹ ਨਾਲ ਕਰਦਾ ਗਿਆ। ਪ੍ਰੀਤਲੜੀ, ਗੁਰਬਖਸ਼ ਸਿੰਘ ਦੀ ‘ਸੁਖਾਵੀਂ ਸੁਧਹੀ ਜ਼ਿੰਦਗੀ, ਦਰਸ਼ਨ ਸਿੰਘ ਅਵਾਰਾ ਦੀ ‘ਬਗ਼ਾਵਤ’ ਪੁਸਤਕਾਂ ਨੇ ਕਾਫ਼ੀ ਪ੍ਰਭਾਵਿਤ ਕੀਤਾ। ਸੋਚ ਹੋਰ ਜਵਾਨ ਹੋਈ ਤਾਂ ਸੋਹਨ ਲਾਲ ਸ਼ਾਸਤਰੀ ਲਿਖਿਤ ‘ਬਾਬਾ ਸਾਹਿਬ ਅੰਬੇਡਕਰ ਕੇ ਸੰਪਰਕ ਮੇਂ 25 ਵਰਸ਼), ਡਾ. ਸੁਰੇਂਦਰ ਅਜਨਾਤ ਦੀਆਂ ਬੁੱਧ ਅਤੇ ਅੰਬੇਡਕਰ ਦੀਆਂ ਸਮਾਜਿਕ, ਧਾਰਮਿਕ, ਰਾਜਨੀਤਿਕ, ਫਿਲਾਸਫੀ ਦੀਆਂ ਕਈ ਪੁਸਤਕਾਂ ਪੜ੍ਹੀਆਂ, ਜਿਹਨਾਂ ਨੇ ਇਹਨਾਂ ਦੀ ਸੋਚ ‘ਤੇ ਅਸਰ ਕੀਤਾ। ਕੁਝ ਦੇਰ ਬਾਅਦ ਆਰ. ਐਸ. ਐਸ. ਵੀ ਜਾਂਦਾ ਰਹੇ ਪਰ ਉਥੇ ਤਸੱਲੀ ਨਹੀਂ ਮਿਲੀ।

ਬਾਬਾ ਸਾਹਿਬ ਨੂੰ ਪਹਿਲੀ ਵਾਹੀ ਜਨਵਰੀ 1948 ਵਿਚ ਦਿੱਲੀ ਵਿਚ ਇਕ ਡੈਪੂਟੇਸ਼ਨ ਦੇ ਨਾਲ ਗਏ ਤਾਂ ਨੇੜਿਉਂ ਵੇਖਿਆ।ਫਿਰ 1951 ਵਿਚ ਸੁਲੇਖ ਸਾਹਿਬ ਨੇ ਬੀ. ਏ. ਕੀਤੀ। ਉਸ ਵੇਲੇ ਉਹ ਪੂਰੇ ਇਲਾਕੇ ਵਿਚ ਬੀ. ਏ. ਕਰਨ ਵਾਲੇ ਤੀਜੇ ਵਿਅਕਤੀ ਸੀ। ਇਹਨਾਂ ਦਿਨਾਂ ਵਿਚ ਹੀ ਉਹ ਸੇਠ ਕਿਸ਼ਨ ਦਾਸ ਨਾਲ ਦਿੱਲੀ ਬਾਬਾ ਸਾਹਿਬ ਨੂੰ ਮਿਲਣ ਗਏ। ਉਥੇ ਹੀ ਉਹਨਾਂ ਨੂੰ ਰਾਜ ਭੋਜ ਅਤੇ ਦਾਦਾ ਸਾਹਿਬ ਗਾਇਕਵਾੜ ਮਿਲੇ। ਉਹਨਾਂ ਨੇ ਵੀ ਬੀ. ਏ. ਪਾਸ ਕਰਨ ਤੇ ਖੁਸ਼ੀ ਮਨਾਈ ਅਤੇ ਵਧਾਈਆਂ ਦਿੱਤੀਆਂ। ਹੁਣ ਉਹ ਸੇਠ ਕਿਸ਼ਨ ਦਾਸ ਦੇ ਚੁਬਾਰੇ ਵਿਚ ਰਹਿਣ ਲੱਗ ਪਏ ਸਨ। ਸੇਠ ਕਿਸ਼ਨ ਦਾਸ ਨੇ ਉਹਨਾਂ ਨੂੰ ਪਹਿਲਾਂ ਆਫਿਸ ਸਕੱਤਰ ਅਤੇ ਬਾਅਦ ਵਿਚ ਜਨਰਲ ਸਕੱਤਰ ਬਣਾ ਕੇ ਬਾਅਦ ਵਿੱਚ ਸਚਿਊਲਡਕਾਸ਼ਤ ਫੈਡਰੇਸ਼ਨ ਦਾ ਕੰਮ ਤੇਜ ਕਰ ਦਿੱਤਾ। ਇਹੀ ਉਹ ਇਤਿਹਾਸਕ ਦੁਬਾਰਾ ਸੀ ਜਿੱਥੇ ਬਾਅਦ ਵਿਚ ਪੰਜਾਬ ਫੇਰੀ ਸਮੇਂ ਬਾਬਾ ਸਾਹਿਬ ਨੇ ਰਾਤ ਦਾ ਖਾਣਾ ਖਾਧਾ ਸੀ। ਹੁਣ ਉਹ ਪੂਰੀ ਤਰ੍ਹਾਂ ਤਨੋਂ ਮਨੋਂ ਬਾਬਾ ਸਾਹਿਬ ਨਾਲ ਜੁੜ ਚੁੱਕੇ ਸਨ। ਪਾਰਟੀ ਨੇ ਆਪਣਾ ਪੇਪਰ “ ਉਜਾਲਾ ਸ਼ੁਰੂ ਕੀਤਾ ਤਾਂ ਸੁਲੇਖ ਸਾਹਿਬ ਹੀ ਉਸਦੇ ਪਹਿਲੇ ਸੰਪਾਦਕ ਬਣੇ। ਇਸ ਤੋਂ ਪਹਿਲਾਂ ਆਪਣਾ ਕੋਈ ਪੇਪਰ ਨਹੀਂ ਸੀ ਹੁੰਦਾ। ਇਸ ਲਈ ਪੂਰੇ ਇਲਾਕੇ ਵਿਚ ‘ ਧੂੰਮਾਂ ਪੈ ਗਈਆਂ। ਸੁਲੇਖ ਸਾਹਿਬ ਪੇਪਰ ਵਿਚ ਨਿੱਠ ਕੇ ਲਿਖਣ ਲੱਗੇ। ਜਦੋਂ ਬਾਬਾ ਸਾਹਿਬ ਨੂੰ ਪਤਾ ਲੱਗਿਆ ਤਾਂ ਉਹਨਾਂ ਨੇ ਵੀ ਸੁਲੇਖ ਸਾਹਿਬ ਨੂੰ ਚਿੱਠੀ ਲਿਖ ਕੇ ਸ਼ੁਭ ਇਛਾਵਾਂ ਭੇਜੀਆਂ। ਚਿੱਠੀ ਦੀ ਕਾਪੀ ਸੁਲੇਖ ਸਾਹਿਬ ਨੇ ਸੰਭਾਲ ਕੇ ਰੱਖੀ ਹੋਈ ਸੀ। ਹੁਣ ਉਹ ਪੱਤਰਕਾਰੀ ਵਿਚ ਵੀ ਪੂਰੇ ਮਾਹਿਰ ਹੋ ਗਏ ਸਨ। ਵੱਡੇ ਸਥਾਪਿਤ ਅਖਬਾਰ ਜਾਂ ਕੋਈ ਹੋਰ ਲੀਡਰ ਕੋਈ ਵੀ ਗਲਤ ਗੱਲ ਲਿਖਦੇ ਤਾਂ ਉਹ ਝਟਕੇ ਜਵਾਬ ਦਿੰਦੇ। ਹੁਣ ਬਾਬਾ ਸਾਹਿਬ ਨਾਲ ਵੀ ਉਹਨਾਂ ਦੀਆਂ ਮਿਲਣੀਆਂ ਵਧਣ ਲੱਗੀਆਂ ਸਨ।

ਪਹਿਲੀਆਂ ਆਮ ਚੋਣਾਂ 1952 ਵਿਚ ਹੋਣੀਆਂ ਤਹਿ ਹੋਈਆਂ ਸਨ। ਇਸ ਸਬੰਧ ਵਿਚ ਪਾਰਟੀ ਦਾ ਚੋਣ ਮੈਨੀਫੈਸਟੋ ਤਿਆਰ ਕਰਨਾ ਸੀ ਤਾਂ ਪੰਜਾਬ ਤੋਂ ਸੇਠ ਕਿਸ਼ਨ ਦਾਸ ਤੇ ਸੁਲੇਖ ਸਾਹਿਬ ਵੀ ਦਿੱਲੀ ਵਿਚ ਹੋਈ ਮੀਟਿੰਗ ਵਿਚ ਗਏ ਸਨ। ਫਿਰ ਬਾਬਾ ਸਾਹਿਬ ਚੋਣਾਂ ਦੇ ਸਬੰਧ ਵਿਚ ਪੰਜਾਬ ਦੇ ਦੌਰੇ ‘ਤੇ ਆਏ ਸਨ ਤਾਂ ਸੁਲੇਖ ਸਾਹਿਬ ਉਹਨਾਂ ਦੇ ਨਾਲ ਨਾਲ ਹੀ ਰਹੇ। ਬਾਬਾ ਸਾਹਿਬ 27-10-51 ਨੂੰ ਜਲੰਧਰ ਦੇ ਆਬਦਪੁਰਾ ਦੇ ਖੁੱਲ੍ਹੇ ਮੈਦਾਨ ਵਿਚ ਇਕ ਕਾਨਫਰੰਸ ਨੂੰ ਸੰਬੋਧਨ ਕਰਨ ਲਈ ਆਏ ਤਾਂ ਉਥੇ ਲੱਖਾਂ ਦੀ ਗਿਣਤੀ ਵਿਚ ਹਜ਼ੂਮ ਇਕੱਠਾ ਹੋਇਆ। ਸੁਲੇਖ ਸਾਹਿਬ ਨੇ ਸਟੇਜ ਕੰਟਰੋਲ ਦੀ ਡਿਊਟੀ ਬਾਖੂਬੀ ਨਿਭਾਈ। ਬਾਬਾ ਸਾਹਿਬ ਲਗਭਗ ਡੇਢ ਘੰਟਾ ਬੋਲੇ, ਪੂਰਨ ਖਾਮੋਸ਼ੀ ਛਾਈ ਰਹੀ। ਕਾਨਫਰੰਸ ਨੂੰ ਫੇਲ੍ਹ ਕਰਨ ਲਈ ਵਿਰੋਧੀਆਂ ਵੱਲੋਂ ਬਹੁਤ ਕੋਸ਼ਿਸ਼ਾਂ ਹੋਈਆਂ ਪਰ ਸਭ ਅਸਫਲ ਹੋਈਆਂ। ਪ੍ਰੈਸ ਨੇ ਵੀ ਲੱਖਾਂ ਦੀ ਭੀੜ ਨੂੰ 30-40 ਹਜ਼ਾਰ ਹੀ ਦੱਸਿਆ। ਬਾਬਾ ਸਾਹਿਬ 1946 ਵਿਚ ਵੀ ਪੰਜਾਬ ਆਉਣਾ ਚਾਹੁੰਦੇ ਸਨ ਜੋ ਲਗਭਵ ਫਾਈਨਲ ਵੀ ਹੋ ਚੁੱਕਾ ਸੀ ਪਰ ਉਹ ਤਾਰਪੀਡੋ ਕਰ ਦਿੱਤਾ ਸੀ। ਇਸ ਵਾਰੀ ਪੂਰਾ ਸਤਰਕ ਰਹਿ ਕੇ ਸਫਲਤਾ ਮਿਲੀ ਸੀ।

ਸੁਲੇਖ ਸਾਹਿਬ ਆਪਣੀ ਜੀਵਨੀ ਵਿਚ ਲਿਖਦੇ ਹਨ ਕਿ ਉਹ ਬਾਬਾ ਸਾਹਿਬ ਨੂੰ ਨੇੜਿਉਂ ਵੇਖ ਤਾਂ ਕਈ ਵੀ ਚੁੱਕੇ ਸਨ ਪਰ ਛੂਹਣ ਦਾ ਮੌਕਾ ਨਹੀਂ ਸੀ ਮਿਲਿਆ ਹਾਲੇ ਤੱਕ। ਬਾਬਾ ਸਾਹਿਬ ਹੈਸਟ ਹਾਊਸ ਵਿਚ ਠਹਿਰੇ ਹੋਏ ਸਨ। ਸੁਲੇਖ ਸਾਹਿਬ ਅਤੇ ਆਰ. ਸੀ. ਪਾਲ ਨੇ ਹੱਥ ਨਾਲ ਛੂਹਣ ਦਾ ਬਹਾਨਾ ਭਾਲਦਿਆਂ ਬਾਬਾ ਸਾਹਿਬ ਦੀਆਂ ਲੱਤਾਂ ਘੁੱਟਣ ਦਾ ਆਨੰਦ ਲਿਆ। ਅਗਲੇ ਦਿਨ 28-10-51 ਨੂੰ ਡੀ. ਏ.ਵੀ ਕਾਲਜ ਦੀ ਮੈਨੇਜਿੰਗ ਕਮੇਟੀ ਨੇ ਬਾਬਾ ਸਾਹਿਬ ਨੂੰ ਬਰੇਕਫਾਸਟ ਲੈਕਚਰ ‘ਤੇ ‘ਪਾਰਲੀਮਾਨ ਲੋਕਤੰਤਰ ਬਾਰੇ ਬੋਲਣ ਲਈ ਸੱਦਾ ਦਿੱਤਾ।

ਬਾਬਾ ਸਾਹਿਬ ਨੇ ਕਿਹਾ ਕਿ ਵਿਦਿਆਰਥੀ ਮੇਰਾ ਪਹਿਲਾ ਪਿਆਰ ਹੈ। ਮੈਂ ਬਤੌਰ ਪ੍ਰੋਫੈਸਰ ਅਤੇ ਪ੍ਰਿੰਸੀਪਲ ਇਹਨਾਂ ਨਾਲ ਜੁੜਿਆ ਰਿਹਾ ਹਾਂ।ਪਾਰਲੀਮਾਨੀ ਲੋਕਤੰਤਰ ਨੂੰ ਬਚਾਉਣ ਲਈ ਇਹ ਜ਼ਰੂਰੀ ਹੈ ਕਿ ਇਸਨੂੰ ਪੂੰਜੀਪਤੀਆਂ ਦੇ ਦਬਾਓ ਤੋਂ ਬਚਾਇਆ ਜਾਵੇ ਕਿਉਂਕਿ ਜੇ ਪੈਸਾ ਉਹਨਾਂ ਦਾ ਹੈ ਤਾਂ ਫਿਰ ਉਹਨਾਂ ਦਾ ਦਬਾਓ ਵੀ ਬਣੇਗਾ। ਇਸ ਲਈ ਸਾਵਧਾਨ ਰਹਿਣਾ ਹੋਵੇਗਾ।




ਇਸੇ ਹੀ ਦਿਨ 28-10-51 ਨੂੰ ਬਾਬਾ ਸਹਿਬ ਕਾਫਲੇ ਸਮੇਤ ਲੁਧਿਆਣੇ ਪਹੁੰਚੇ। ਸੁਲੇਖ ਸਾਹਿਬ ਨਾਲ ਹੀ ਇਕੋ ਹੀ ਗੱਡੀ ਵਿਚ ਸਫਰ ਕਰ ਰਹੇ ਸਨ। ਉਹ ਆਪ ਅੱਗੇ ਬੈਠੇ ਸਨ, ਪਿੱਛੇ ਬਾਬਾ ਸਾਹਿਬ ਅਤੇ ਉਹਨਾਂ ਦੀ ਪਤਨੀ ਸਵਿਤਾ ਅੰਬੇਡਕਰ ਅਤੇ ਨਾਲ ਸੇਠ ਕਿਸ਼ਨ ਦਾਸ। ਲੁਧਿਆਣੇ ਬਹੁਤ ਚੰਗਾ ਇੰਤਜ਼ਾਮ ਸੀ। ਇੱਥੇ ਬਾਬਾ ਸਾਹਿਬ ਲੀਡਰਾਂ ਤੋਂ ਬੋਲੇ। ਉਹਨਾਂ ਕਿਹਾ ਕਿ ਸਿਆਣੇ ਅਤੇ ਇਮਾਨਦਾਰ ਆਗੂ ਹੀ ਅੱਗੇ ਲਿਆਓ। ਸੰਤ ਬ੍ਰਹਮਦਾਸ ਨੇ ਬਾਬਾ ਸਾਹਿਬ ਨੂੰ ਕਿਹਾ ਕਿ ਬਾਬਾ ਸਾਹਿਬ - ਤੁਹਾਡੇ ਹੱਥ ਕਲਮ ਹੈ। ਇਸ ਕਲਮ ਨਾਲ ਗਰੀਬ ਜਨਤਾ ਦੀ ਗੁਲਾਮੀ ਦੀਆਂ ਜੰਜ਼ੀਰਾਂ ਕੱਟ ਦਿਓ। ਬਾਬਾ ਸਾਹਿਬ ਨੇ ਸੰਤਾਂ ਨੂੰ ਕਿਹਾ ਕਿ ਸਾਧੂ ਦਾ ਸੰਤ ਆਪਣੇ ਸਹੀ ਹੋਲ ਨਾਲ ਗਰੀਬਾਂ ਮਾਰਗ ਕਰਕੇ ਉਹਨਾਂ ਦਾ ਜੀਵਨ ਪੱਧਰ ਉਚਾ ਕਰ ਸਕਦੇ ਹਨ।

ਦਰਸ਼ਨ ਅ ਗ ਲ ਦਿਨ 29-10-51 ਨੂੰ ਬਾਬ ਸਾਹਿਬ ਦਾ ਕ ਕਾਫਲਾ‘ਪਟਿਆਲਾ ਪੁੱਜਿਆ। ਇੱਥੇ ਵੀ ਲੋਕੀ ਤਾਂ ਭਾਵੇਂ ਹਜਾਰਾਂ ਦੀ ਗਿਣਤੀ ਵਿਚ ਆਏ ਸਨ ਪਰ ਸਕਿਊਰਟੀ ਅਤੇ ਬਿਜਲੀ ਦਾ ਪ੍ਰਬੰਧ ਰਿਹਾ।

ਬਾਬਾ ਸਾਹਿਬ ਬੋਲਣ ਲੱਗੇ ਤਾਂ ਬਿਜਲੀ ਚਲੀ ਗਈ ਅਤੇ ਨਾਲ ਹੀ ਸਥਿਤ ਮੰਦਰ ਵਿਚੋਂ ਜ਼ੋਰ ਜ਼ੋਰ ਦੀ ਘੰਟੀਆਂ ਖੜਕਣ ਦੀਆਂ ਅਵਾਜ਼ਾਂ ਆਉਣ ਲੱਗ ਪਈਆਂ। ਪਰ ਬਾਬਾ ਸਾਹਿਬ ਨੇ ਪੂਰੇ ਜੋਸ਼ ਤੇ ਖਰੋਸ਼ ਨਾਲ ਆਪਣਾ ਲੈਕਚਰ ਜਾਰੀ ਰੱਖਿਆ। ਹਨੇਰੇ ਕਾਰਨ ਕੋਈ ਘਟਨਾ ਨਾ ਵਾਪਰੇ, ਇਸ ਲਈ ਸੁਲੇਖ ਸਾਹਿਬ ਨੇ ਆਪਣੇ ਸਾਥੀਆਂ ਸਮੇਤ ਇਕ-ਦੂਜੇ ਦੀਆਂ ਬਾਹਾਂ ਫੜ ਕੇ ਬਾਬਾ ਸਾਹਿਬ ਨੂੰ ਚਾਰ ਚੁਫੇਰਿਉਂ ਘੇਰਾ ਪਾ ਲਿਆ। ਇਸ ਪ੍ਰਤੀ ਬਾਬਾ ਸਾਹਿਬ ਨੇ ਆਖਿਆ ਵੀ ਕਿ ਇਸਦੀ ਕੋਈ ਲੋੜ ਨਹੀਂ, ਮੈਂ ਅਜਿਹੀਆਂ ਸੰਭਾਵੀ ਘਟਨਾਵਾਂ ਤੋਂ ਡਰਨ ਵਾਲਾ ਨਹੀਂ ਹਾਂ। ਪਰ ਘੇਰਾ ਪਾਈ ਰੱਖਿਆ ਗਿਆ। ਬਾਬਾ ਸਾਹਿਬ ਦੀ ਉੱਚੀ ਤੇ ਦਮਦਾਰ ਆਵਾਜ਼ ਦੱਸ ਰਹੀ ਸੀ ਕਿ ਉਹ ਕਿਸੇ ਵੱਲੋਂ ਕੀਤੀ ਸ਼ਰਾਰਤ ਸਮਝ ਗਏ ਸਨ। ਰਾਤ ਨੂੰ ਬਾਬਾ ਸਾਹਿਬ ਬਾਰਾਂ ਦਰੀ ਦੇ ਵਿਸ਼ਰਾਮ ਘਰ ਦੀ ਉਤਲੀ ਮੰਜ਼ਿਲ ਤੇ ਠਹਿਰੇ ਸਨ। ਅਗਲੇ ਦਿਨ ਸਵਿਤਾ ਅੰਬੇਡਕਰ ਨੇ ਦੱਸਿਆ ਕਿ ਥਕਾਵਟ ਤੋਂ ਦਰਦ ਨਾਲ ਰਾਤੀ ਬਾਬਾ ਸਾਹਿਬ ਬੇਚੈਨ ਰਹੇ, ਉਹਨਾਂ ਨੂੰ ਟੀਕਾ ਦੇਣਾ ਪਿਆ। ਦੋਹਾਂ ਲੱਤਾਂ ਵਿਚ ਦਰਦ, ਸ਼ੂਗਰ ਅਤੇ ਉਪਰੋਂ ਕੰਮ ਦਾ ਬੋਝ- ਅਜਿਹੀ ਹਾਲਤ ਵਿਚ ਬਾਬਾ ਸਾਹਿਬ ਨੂੰ ਚੌਬੀਸ ਘੰਟੇ ਡਾਕਟਰ ਦੀ ਲੋੜ ਰਹਿੰਦੀ ਸੀ। ਇਸੇ ਕਰਕੇ ਉਹਨਾਂ ਨੇ ਡਾਕਟਰ ਸਵਿਤਾ ਨਾਲ ਵਿਆਹ ਕਰਵਾਇਆ ਸੀ। ਨਹੀਂ ਤਾਂ ਪਹਿਲੀ ਪਤਨੀ ਰਾਮਾ ਬਾਈ ਦੀ ਮੌਤ ਪਿੱਛੋਂ 13 ਸਾਲ ਦੇ ਸਮੇਂ ਵਿਚ ਬਾਬਾ ਸਾਹਿਬ ਨੂੰ ਸ਼ਾਦੀ ਦੇ ਕਈ ਪ੍ਰਸਤਾਵ ਆਏ ਸਨ ਪਰ ਉਹ ਸਵੀਕਾਰ ਨਹੀਂ ਸੀ ਕਰਦੇ ਸਨ।

ਸੁਲੇਖ ਸਾਹਿਬ ਆਪਣੀ ਜੀਵਨੀ ਵਿਚ ਲਿਖਦੇ ਹਨ ਕਿ 1952 ਦੀਆਂ ਚੋਣਾਂ ਵਿਚ ਪਾਰਟੀ ਵੱਲੋਂ ਜੋ ਉਮੀਦਵਾਰਾਂ ਦੀ ਸੂਚੀ ਤਿਆਰ ਕੀਤੀ ਗਈ ਸੀ ਉਸ ਵਿਚ ਉਹਨਾਂ ਦਾ ਨਾਂ ਵੀ ਸ਼ਾਮਲ ਸੀ। ਪਰ ਉਮਰ ਘੱਟ ਹੋਣ ਕਾਰਨ ਰਹਿ ਗਿਆ। ‘ਉਜਾਲਾ’ ਪੇਪਰ ਸਿਖਰਾਂ ਤੇ ਪਹੁੰਚ ਚੁੱਕਿਆ ਸੀ। ਇਸ ਵਿਚ ਸੁਲੇਖ ਸਾਹਿਬ ਦੀ ਵੱਡੀ ਦੇਣ ਸੀ।ਇਸ ਵਿਚ ਅਕਸਰ ਛਪਣ ਵਾਲੇ ਵੱਡੇ ਨਾਂ ਸਨ ਸੋਹਣ ਲਾਲ ਸ਼ਾਸਤਰੀ, ਸੁਰਜਭਾਨ ਅੰਬਾਲਾ, ਡੀ. ਸੀ. ਅਹੀਰ ਜੋ ਕਿ ਲਗਾਤਾਰ ਲਿਖਦੇ ਰਹੇ ਹਨ। ਕੇ. ਸੀ. ਸੁਲੇਖ ਨੂੰ 1952 ਵਿਚ ਨੌਕਰੀ ਮਿਲਣ ਕਾਰਨ ਸੰਪਾਦਕੀ ਦਾ ਕੰਮ ਤਾਂ ਛੱਡਣਾ ਪਿਆ ਪਰ ਉਹ ਪੇਪਰ ਨਾਲ ਇਨੇ ਜੁੜ ਚੁੱਕੇ ਸਨ ਕਿ ਫਿਰ ਫਰਜ਼ੀ ਨਾਵਾਂ ਨਾਲ ਲਿਖਦੇ ਰਹੇ। ਇਹ ਫਰਜ਼ੀ ਨਾਂ ਸਨ ਚਾਂਦ ਅੰਮ੍ਰਿਤਸਰੀ, ਬਲਜੀਤ ਪਟਿਆਲਵੀ,ਅਤੇ ਪ੍ਰਕਾਸ਼ ਦੀਪਕ। ਸੰਪਾਦਕੀ ਦਾ ਕੰਮ ਕੇ. ਸੀ. ਲੀਲ ਨੇ ਕੁਝ ਚਿਰ ਨਿਭਾਇਆ। 1952 ਦੀਆਂ ਚੋਣਾਂ ਵਿਚ ਪਾਰਟੀ ਨੂੰ ਹਾਰ ਦਾ ਮੂੰਹ ਵੇਖਣਾ ਪਿਆ, ਜਿਸ ਕਰਕੇ ਸੁਲੇਖ ਸਾਹਿਬ ਵੀ ਨੌਕਰੀ ਵਿਚ ਚਲੇ ਗਏ ਸਨ ਅਤੇ ‘ਉਜਾਲਾ’ ਨੂੰ ਗੋਪਾਲ ਦਾਸ ਨੇ ਕੁਝ ਪੈਸਿਆਂ ਦਾ ਲੈਣ-ਦੇਣ ਕਰਕੇ ਖਰੀਦ ਲਿਆ। ਪੇਪਰ ਵਿਚ ਫਿਲਮਾਂ ਦਾ ਮਸਾਲਾ ਬਹੁਤ ਘੱਟ ਹੋਣ ਲੱਗਿਆ ਅਤੇ ਅਧਨੰਗੀਆਂ ਫੋਟੋਆਂ ਵੀ ਲੱਗਣ ਲੱਗੀਆਂ। ਅਖੀਰ ਕੁਝ ਕੌਮੀ ਹਮਦਰਦ ਮਿੱਤਰ ਪਾਖਰ ਰਾਮ ਅਹੀਰ, ਦਲੀਪ ਸਿੰਘ ਮੋਹਕੀਮਾ ਨੇ ਇਸਨੂੰ ਗੰਭੀਰਤਾ ਨਾਲ ਲਿਆ ਅਤੇ ‘ ਉਜਾਲਾ ਅਜ਼ਾਦ ਕਰਵਾ ਲਿਆ, ਭਾਵੇਂ ਲੈਣ-ਦੇਣ ਕੁਝ ਵੱਧ ਕਹਨਾ ਪਿਆ।

ਕੇ. ਸੀ. ਸੁਲੇਖ 14 ਅਕਤੂਬਰ 1932 ਨੂੰ ਐਕਸਾਈਜ਼ ਇਸਪੈਕਟਰ ਭਰਤੀ ਹੋ ਕੇ 31-7-1985 ਨੂੰ ਬਤੌਰ ਐਕਸਾਈਜ਼ ਐਂਡ ਟੈਕਸੇਸ਼ਨ ਅਫਸਰ (ਈ. ਟੀ. ਓ.) ਹਿਟਾਇਰ ਹੋਏ। ਇਸੇ ਦਰਮਿਆਨ ਉਹਨਾਂ ਦਾ ਸ੍ਰੀਮਤੀ ਅਜੀਤ ਕੌਰ ਨਾਲ ਵਿਆਹ ਵੀ ਹੋਇਆ ਅਤੇ ਤਿੰਨ ਬੇਟੇ ਅਤੇ ਦੋ ਬੇਟੀਆਂ ਨੇ ਜਨਮ ਲਿਆ। ਅਖੀਰਲੇ ਸਮੇਂ ਤੱਕ ਇਹਨਾਂ ਦੇ ਦੋਵੇਂ ਬੇਟੇ ਬਾਹਰ ਸਨ ਐਥੇ ਇਕ ਵਿਜੈ ਕੁਮਾਰ ਇਹਨਾਂ ਦੇ ਨਾਲ ਰਹਿੰਦਾ ਸੀ। ਪਤਨੀ ਦੋ ਕੁ ਸਾਲ ਪਹਿਲਾਂ ਵਿਛੋੜਾ ਦੇ ਗਏ ਸਨ। ਰਿਹਾਇਸ਼ ਇਹਨਾਂ ਨੇ ਚੰਡੀਗੜ੍ਹ ਬਣਾ ਲਈ ਸੀ। ਅੱਗੋਂ ਬੱਚਿਆਂ ਦੇ ਬੱਚੇ ਵੀ ਹੁਣ ਚੰਗੀ ਵਿਦਿਆ ਤੇ ਚੰਗੀਆਂ ਨੌਕਰੀਆਂ ‘ਤੇ ਹਨ। ਸੁਲੇਖ ਸਾਹਿਬ ਭਰਿਆ ਖੁਸ਼ਹਾਲ ਪਰਿਵਾਰ ਛੱਡ ਗਏ ਹਨ।ਪਰਿਵਾਰ ਵੱਲੋਂ ਇਹਨਾਂ ਦਾ ਪੂਰਾ ਧਿਆਨ ਰੱਖਿਆ ਜਾਂਦਾ ਸੀ। ਉਹਨਾਂ ਨੂੰ ਆਪ ਵੀ ਕੋਈ ਬਿਮਾਰੀ ਆਦਿ ਨਹੀਂ ਸੀ ਬੱਸ ਉਮਰ ਦਾ ਹੀ ਤਕਾਜ਼ਾ ਸੀ।

ਰਿਟਾਇਰਮੈਂਟ ਤੋਂ ਬਾਅਦ ਵੀ ਸੁਲੇਖ ਸਾਹਿਬ ਟਿਕ ਕੇ ਨਹੀਂ ਬੈਠੇ ਸਗੋਂ ਹੋਰ ਵੀ ਖੁੱਲ੍ਹ ਕੇ ਸਮਾਜਿਕ ਕੰਮਾਂ ਨਾਲ ਜੁੜ ਗਏ। ਬਾਬਾ ਸਾਹਿਬ ਜਦੋਂ ਜਲੰਧਰ ਆਏ ਸਨ ਤਾਂ ਉਹ ਜਗ੍ਹਾ ਸਮਾਜ ਦੇ ਕੁਝ ਬੰਦਿਆਂ ਨੇ ਮਿਲ ਕੇ ਖਰੀਦ ਲਈ ਸੀ ਅਤੇ ਉਸ ਉਤੇ ਬਾਬਾ ਸਾਹਿਬ ਦੀ ਨਿਸ਼ਾਨੀ/ਯਾਦਗਾਰ ਬਣਨੀ ਸ਼ੁਰੂ ਹੋ ਚੁੱਕੀ ਸੀ। ਇਸ ਵਿਚ ਸ੍ਰੀ ਲਾਹੌਰੀ ਰਾਮ ਬਾਲੀ ਅਤੇ ਸ੍ਰੀ ਆਰ. ਸੀ. ਪਾਲ ਦੀ ਰਹਿਨੁਮਾਈ, ਯੋਗਦਾਨ ਵਰਣਨਯੋਗ ਹੈ। ਜਲੰਧਰ, ਅੰਬੇਡਕਰ ਮਿਸ਼ਨ ਸੁਸਾਇਟੀ ਨਾਲ ਕੇ. ਸੀ. ਸੁਲੇਖ ਬੜੀ ਸ਼ਿੱਦਤ ਨਾਲ ਜੁੜਕੇ ਕੰਮ ਕਰਦੇ ਰਹੇ। 1983 ਵਿਚ ਉੜੀਸਾ ਅਤੇ ਗੁਜਰਾਤ ਤੋਂ ਰਿਜ਼ਰਵੇਸ਼ਨ ਵਿਰੋਧੀ ਲਹਿਰ ਉਠੀ ਤਾਂ ਇਹ ਲਗਭਗ ਸਾਰੇ ਦੇਸ਼ ਵਿਚ ਛਾ ਗਈ। ਇਸਦੇ ਮੁਕਾਬਲੇ ਵਿਚ ਜੋ ਆਰਗੇਨਾਈਜ਼ਿੰਗ ਕਮੇਟੀ ਬਣਾਈ ਗਈ ਉਸ ਵਿਚ ਸੁਲੇਖ ਸਾਹਿਬ ਨੂੰ ਸਕੱਤਰ ਬਣਾਇਆ ਗਿਆ। ਇਸ ਵੱਲੋਂ ਸਰਬ ਹਿੰਦ ਕਨਵੈਨਸ਼ਨ 21 ਅਗਸਤ 1988 ਬੁਲਾਈ ਗਈ। ਇਸ ਸਬੰਧ ਵਿਚ ਸੁਲੇਖ ਸਾਹਿਬ ਦੀ ਸੰਪਾਦਨਾ ਵਿਚ ਸੋਵੀਨਰ ਕੱਢਿਆ ਗਿਆ। ਲਹਿਰ ਕਾਫ਼ੀ ਜ਼ੋਰ ਪਕੜ ਗਈ ਸੀ ਪਰ ਕੁਝ ਅਖੌਤੀ ਲੀਡਰਾਂ ਦੇ ਸੁਆਰਥ ਕਾਰਨ ਪੂਰੀ ਤਰ੍ਹਾਂ ਨਾ ਫੈਲ ਸਕੀ। ਫਿਰ ਹੰਸ ਰਾਜ ਸਵੈਨ ਦੀ ਅਗਵਾਈ ਵਿਚ ‘ਭਾਰਤੀ ਸ਼ੋਸ਼ਿਤ ਸਮਾਜ’ ਬਣਾਇਆ ਗਿਆ। ਇਸ ਵੱਲੋਂ ਵੀ ਕੇ. ਸੀ, ਸੁਲੇਖ ਦੀ ਸੰਪਾਦਨਾ ਵਿਚ ਸੋਵੀਨਰ ਕੱਢਿਆ ਗਿਆ। ‘ਪੈਗਾਮ’ ਸੰਸਥਾ ਨਾਲ ਜੁੜ ਕੇ ਵੀ ਪੇਪਰ ਕੱਢਣ ਵਿਚ ਜ਼ਿੰਮੇਵਾਰੀ ਨਿਭਾਈ।

ਆਪਣੇ ਬਾਰੇ ਸਵੈ-ਪੜਚੋਲ ਕਰਦਿਆਂ ਕੇ. ਸੀ. ਸੁਲੇਖ ਨੇ ਲਿਖਿਆ ਕਿ ਲੋਕੀ ਆਖਦੇ ਹਨ ਕਿ ਮੈਂ ਲੇਖ ਭਾਵੁਕ ਜਾਂ ਉਤੇਜਿਤ ਹੋ ਕੇ ਲਿਖਦਾ ਜਾਂ ਮੈਂ ਆਪਣੇ ਨਿਸ਼ਾਨੇ ‘ਤੇ ਆਏ ਵਿਅਕਤੀ ਦੀ ਸ਼ਬਦਾਂ ਦੇ ਨਸ਼ਤਰ ਨਾਲ ਚੰਗੀ ਤਰ੍ਹਾਂ ਖ਼ਬਰ ਲੈਣ ਲੱਗਿਆਂ ਕੋਈ ਕਸਰ ਨਹੀਂ ਛੱਡਦਾ। ਉਹ ਕਿਸੇ ਹੱਦ ਤੱਕ ਠੀਕ ਵੀ ਹੋ ਸਕਦੇ ਹਨ ਪਰ ਇਹ ਵੀ ਉਨਾ ਹੀ ਸੱਚ ਹੈ ਕਿ ਮੇਰੇ ਵਿਚ ਸਹਿਣਸ਼ੀਲਤਾ ਦੀ ਤਾਕਤ ਦੀ ਹੱਦ ਦਰਜੇ ਦੀ ਹੈ,

ਬਾਕੀ ਭਾਗ ਅਗਲੇ ਸਫੇ ਤੇ

# ਬਿਜਲੀ ਨਿਗਮ ਦੀਆਂ ਜਾਇਦਾਦਾਂ ਨੂੰ ਵੇਚਣ ਦੇ ਵਿਰੋਧ ‘ਚ ਬਿਜਲੀ ਮੁਲਾਜ਼ਮਾਂ ਵੱਲੋਂ ਪਹਿਲਾਂ ਸਫਲ ਸਾਂਝਾ ਮੋਰਚਾ

## 29 ਨੂੰ ਮੁੜ ਚੀਫ ਦਫਤਰ ਧਰਨਾ ਅਤੇ 2 ਨੂੰ ਘੇਰਨਗੇ ਬਿਜਲੀ ਮੰਤਰੀ ਦੀ ਕੋਠੀ, ਸੰਘਰਸ਼ ਦੀ ਰੁਪਰੇਖਾ ਲਈ ਅੱਜ ਲੁਧਿਆਣਾ ‘ਚ ਹੋਣ ਜਾ ਰਹੀ ਆ ਹੈ ਸੂਬਾ ਪੱਧਰੀ ਮੀਟਿੰਗ, ਜਾਇਦਾਦਾਂ ਨੂੰ ਵੇਚਣ ਦਾ ਫੈਸਲਾ ਵਾਪਸ ਹੋਣ ਤੱਕ ਸੰਘਰਸ਼ ਜਾਰੀ ਰਹੇਗਾ: ਆਗੂ



ਲੁਧਿਆਣਾ 24 ਅਕਤੂਬਰ ( ) ਬਿਜਲੀ ਮੁਲਾਜਮਾਂ ਤੇ ਅਫ਼ਸਰਾਂ ਦੀਆਂ ਸਾਰੀਆਂ ਜਥੇਬੰਦੀਆਂ ਵੱਲੋਂ ਅੱਜ ਸਾਂਝੇ ਤੌਰ ਤੇ ਮੁੱਖ ਚੀਫ ਇੰਜੀਨੀਅਰ ਦਫਤਰ ਦੇ ਬਾਹਰ ਪ੍ਰਭਾਵਸ਼ਾਲੀ ਰੋਸ ਧਰਨਾ ਦਿੱਤਾ ਗਿਆ। ਜਿਸ ਬਾਰੇ ਜਾਣਕਾਰੀ ਦਿੰਦਿਆਂ ਸੀਨੀਅਰ ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਬਿਜਲੀ ਨਿਗਮ ਦੀਆਂ 10 ਜਾਇਦਾਦਾਂ ਨੂੰ ਵੇਚਣ ਦੀ ਯੋਜਨਾ ਬਣਾਈ ਹੈ ਜਿਸਦੇ ਵਿਰੋਧ ‘ਚ ਅਤੇ ਇਸ ਫੈਸਲੇ ਦੀ ਵਾਪਸੀ ਲਈ ਅੱਜ ਦਾ ਸਰਕਲ ਪੱਧਰ ਦਾ ਰੋਸ ਧਰਨਾ ਦਿੱਤਾ ਗਿਆ ਹੈ ਜਿਸ ਵਿੱਚ ਵੱਡੀ ਗਿਣਤੀ ਵਿੱਚ ਬਿਜਲੀ ਮੁਲਾਜਮਾਂ ਅਤੇ ਪਾਵਰ ਕਾਮ ਦੀ ਕਲੋਨੀ ਦੇ ਵਾਸੀਆਂ ਨੇ ਭਾਗ ਲਿਆ। ਏਸੇ ਪ੍ਰਕਾਰ ਦਾ ਦੂਜਾ ਸਰਕਲ ਪੱਧਰ ਦਾ ਧਰਨਾ 29 ਅਕਤੂਬਰ ਨੂੰ ਚੀਫ ਦਫਤਰ ਦੇ ਬਾਹਰ ਹੀ ਦਿੱਤਾ ਜਾਵੇਗਾ ਅਤੇ ਜੇਕਰ ਪੰਜਾਬ ਸਰਕਾਰ ਤੇ ਬਿਜਲੀ ਮੰਤਰੀ ਨੇ ਸਾਡੀ ਮੰਗ ਨਾ ਮੰਨੀ ਤਾਂ 2 ਨਵੰਬਰ ਨੂੰ ਬਿਜਲੀ ਮੰਤਰੀ ਦੀ ਲੁਧਿਆਣਾ ਸਥਿਤ ਰਿਹਾਇਸ਼ ਨੂੰ ਸੂਬਾ ਪੱਧਰ ਦਾ ਧਰਨਾ ਰੱਖ ਕੇ ਘੇਰਿਆ ਜਾਵੇਗਾ। ਆਗੂਆਂ ਨੇ ਕਿਹਾ ਕਿ ਜਦੋਂ ਤੱਕ ਇਹ ਫੈਸਲਾ ਵਾਪਸ ਨਹੀਂ ਲਿਆ ਜਾਂਦਾ ਓਦੋਂ ਤੱਕ ਕੇਵਲ ਸੰਘਰਸ਼ ਜਾਰੀ ਹੀ ਨਹੀਂ ਰਹੇਗਾ ਬਲਕਿ ਜਰੂਰ ਮੁਤਾਬਿਕ ਤਿੱਖਾ ਕੀਤਾ ਜਾਵੇਗਾ। ਆਗੂਆਂ ਨੇ ਦੱਸਿਆ ਕਿ ਸਾਲ 2016 ਚ ਅਕਾਲੀ ਭਾਜਪਾ ਸਰਕਾਰ ਵੱਲੋਂ ਬਿਜਲੀ ਬੋਰਡ ਦੀਆਂ ਦੇ ਜਾਇਦਾਦਾਂ ਨੂੰ ਵੇਚਣ ਦਾ ਫੈਸਲਾ ਕੀਤਾ ਗਿਆ ਸੀ ਜਿਸਨੂੰ ਮੁਲਾਜਮਾਂ ਨੇ ਤਿੱਖਾ ਸੰਘਰਸ਼ ਵਿੱਢ ਕੇ ਵਾਪਸ ਕਰਵਾਇਆ ਸੀ। ਆਗੂਆਂ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਤਾਂ ਹੱਦ ਹੀ ਤੋੜ ਦਿੱਤੀ ਹੈ ਜਿਸਨੇ ਪਹਿਲੀਆਂ ਦੇ ਜਾਇਦਾਦਾਂ ਵਿੱਚ 8 ਹੋਰ ਬੇਸ਼ਕੀਮਤੀ ਜਾਇਦਾਦਾਂ ਨੂੰ ਜੋੜ ਦਿੱਤਾ ਹੈ। ਆਗੂਆਂ ਨੇ ਬਿਜਲੀ ਮੰਤਰੀ ਸੰਜੀਵ ਅਰੋੜਾ ‘ਤੇ ਵਰ੍ਹਦਿਆਂ ਕਿਹਾ ਕਿ ਇਹ ਪ੍ਰਾਪਰਟੀ ਡੀਲਰ ਆ ਤੇ ਆਪਣੀ ਉਸੇ ਸੋਚ ‘ਤੇ ਚੱਲਦਿਆਂ ਬਿਜਲੀ ਨਿਗਮ ਦੀਆਂ 10 ਬਹੁਤ ਹੀ ਮਹਿੰਗੀਆਂ ਜਮੀਨਾਂ ਅਤੇ ਖੇਤੀਬਾੜੀ ਸਮੇਤ 16 ਹੋਰ ਬੇਸ਼ਕੀਮਤੀ ਜਾਇਦਾਦਾਂ ਨੂੰ ਵੇਚਣ ਦੀ ਯੋਜਨਾ ਬਣਾਈ ਹੈ। ਆਗੂਆਂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਦੀ ਇਸ ਲੋਕ ਵਿਰੋਧੀ ਯੋਜਨਾ ਨੂੰ ਵਾਪਸ ਕਰਵਾਉਣ ਲਈ ਕਿਸਾਨ ਤੇ ਮਜਦੂਰ ਜਥੇਬੰਦੀਆਂ ਵੀ ਇਸ ਘੋਲ ਚ ਸ਼ਮੂਲੀਅਤ ਕਰਨ। ਆਗੂਆਂ ਨੇ ਦੱਸਿਆ ਕਿ ਅੱਜ ਦੇ ਧਰਨੇ ਵਿੱਚ ਕੇਂਦਰ ਦੀ ਭਾਜਪਾ ਸਰਕਾਰ ਦੇ ਨਾਦਰਸ਼ਾਹੀ ਫੁਰਮਾਨ ਬਿਜਲੀ ਬਿੱਲ 2025 ਨੂੰ ਵਾਪਸ ਕਰਵਾਉਣ ਉੱਤੇ ਜੋਰ ਦਿੰਦਿਆਂ ਦੱਸਿਆ ਗਿਆ ਕਿ ਇਹ ਕੇਵਲ ਬਿਜਲੀ ਮੁਲਾਜਮ ਵਿਰੋਧੀ ਹੀ ਨਹੀਂ ਬਲਕਿ ਪੰਜਾਬ ਦੇ ਹਰ ਬਿਜਲੀ ਖਪਤਕਾਰ ਵਿਰੋਧੀ ਨੀਤੀ ਵੀ ਹੈ ਜਿਸਨੂੰ ਵਾਪਸ ਕਰਵਾਉਣ ਲਈ ਵੀ ਹਰ ਪੰਜਾਬ ਵਾਸੀ ਸੰਘਰਸ਼ ਦਾ ਪਿੜ ਮੱਲੇ। ਇਸ ਮੌਕੇ ਜੁਆਇੰਟ ਫੋਰਮ, ਬਿਜਲੀ ਏਕਤਾ ਮੰਚ, ਏਓਜੇਈ, ਗਰਿੱਡ ਯੂਨੀਅਨ ਤੇ ਪੈਨਸ਼ਨਰਜ ਯੂਨੀਅਨਾਂ ਦੀਆਂ ਜਥੇਬੰਦੀਆਂ ਟੀਐਸਯੂ, ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰ, ਗਰਿੱਡ ਸਬ ਸਟੇਸ਼ਨ ਯੂਨੀਅਨ, ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ ਯੂਨੀਅਨ ਏਟਕ, ਇੰਪਲਾਈਜ ਫੈਡਰੇਸ਼ਨ ਪਹਿਲਵਾਨ, ਇੰਪਲਾਈਜ ਫੈਡਰੇਸ਼ਨ ਇੰਟਕ, ਇੰਜਨੀਅਰ ਐਸੋਸੀਏਸ਼ਨ, ਟੈਕਨੀਕਲ ਸਰਵਿਸਜ ਯੂਨੀਅਨ ਭੰਗਲ, ਕਰਮਚਾਰੀ ਦਲ, ਐਮ ਐਸ ਯੂ, ਜਥੇਬੰਦੀਆਂ ਦੇ ਆਗੂ ਰਣਪਾਲ ਸਿੰਘ ਪਾਲੀ, ਰਘਵੀਰ ਸਿੰਘ ਰਾਮਗੜ੍ਹ, ਜਗਤਾਰ ਸਿੰਘ, ਕੇਵਲ ਸਿੰਘ ਬਨਵੈਤ, ਸਵਰਨ ਸਿੰਘ, ਚਮਕੌਰ ਸਿੰਘ, ਬਲਵਿੰਦਰ ਸਿੰਘ ਬਾਜਵਾ, ਜਸਵੀਰ ਸਿੰਘ ਆਂਡਲੂ, ਪਰਸ਼ ਗੁਪਤਾ, ਐਕਸੀਅਨ ਪਰਮਿੰਦਰ ਸਿੰਘ ਤੇ ਸੰਦੀਪ ਸਿੰਘ ਚਾਹਲ, ਸਤੀਸ਼ ਭਾਰਦਵਾਜ, ਗੁਰਪ੍ਰੀਤ ਸਿੰਘ ਮਹਿਦੂਦਾਂ ਤੋਂ ਇਲਾਵਾ ਸਰਕਲ ਪੱਧਰ ਦੇ ਹੋਰ ਆਗੂ ਹਾਜ਼ਰ ਸਨ।

# ਆਹ !!! ਇਕ ਸਿਰੜੀ ਅਤੇ ਸਿਦਕਵਾਨ ਅੰਬੇਡਕਰੀ ਤੁਰ ਗਿਆ

ਜਿੰਨੀ ਕਿਸੇ ਮਿਸ਼ਨ ਨੂੰ ਸਮਰਪਿਤ ਵਿਅਕਤੀ ਮਿਸ਼ਨਰੀ ਵਿਚ ਹੋਣੀ ਚਾਹੀਦੀ ਹੈ। ਇਹਨਾਂ ਦੋਨੋਂ ਮਨੋਦਸ਼ਾਵਾਂ ਵਿਚ ਫਰਕ ਇੰਨਾ ਹੈ ਕਿ ਮੈਂ ਕਿਸੇ ਝੂਠ, ਪਾਖੰਡ, ਗਰੀਬਮਾਰੀ, ਜਬਰ, ਬੇਇਨਸਾਫੀ ਅਤੇ ਮੋਕਾਰੀ ਨੂੰ ਹਰਗਿਜ਼ ਸਹਿਣ ਨਹੀਂ ਕਰ ਸਕਦਾ। ਕਿਉਂ ਨਾ ਗਲਤ ਕਰਨ ਵਾਲਾ ਕੋਈ ਵੀ ਛੋਟਾ ਬੜਾ ਬੰਦਾ ਹੋਵੇ।” (118) ਇਹ ਕੇ. ਸੀ. ਸੁਲੇਖ ਦੀ ਲੇਖਣੀ ਦੀਆਂ ਹੱਦਾਂ ਹਨ, ਜਿਹਨਾਂ ਨੂੰ ਉਹ ਬੜੀ ਨੇਕ ਨੀਅਤੀ ਅਤੇ ਦਿਆਨਤਦਾਰੀ ਨਾਲ ਨਿਭਾਉਂਦੇ ਰਹੇ। ਅਰੁਨ ਸ਼ੋਹੀ ਨੇ ਬਾਬਾ ਸਾਹਿ ਬਾਰੇ ਊਲ-ਜਲੂਲ ਲਿਖਿਆ ਤਾਂ ਸੁਲੇਖ ਨੇ ਅੰਗਰੇਜ਼ੀ ਵਿਚ ਸਖਤੀ ਨਾਲ ਜਵਾਬ ਦਿੱਤਾ ਅਤੇ ਇੰਡੀਅਨ ਐਕਸਪ੍ਰੈਸ ਨੂੰ ਛਪਣ ਲਈ ਭੇਜ ਦਿੱਤਾ। ਪੇਪਰ ਵੱਲੋਂ ਛਾਪਣ ਲਈ ਆਨਾਕਾਨੀ ਕੀਤੀ ਗਈ ਤਾਂ ਸੁਲੇਖ ਨੇ ਸ਼ਿਕਾਇਤ ਦੀ ਧਮਕੀ ਦਿੱਤੀ। ਨਤੀਜੇ ਵਜੋਂ 22-8-97 ਦੇ ਅੰਕ ਵਿਚ ਪੂਰਾ ਲੇਖ ਛਾਪਣਾ ਪਿਆ।

ਇਸੇ ਤਰ੍ਹਾਂ ਗੁਰਤੇਜ ਸਿੰਘ ਸਾਬਕਾ ਆਈ. ਏ. ਐਸ. ਨੇ ਬਾਬਾ ਸਾਹਿਬ ਬਾਰੇ ਗਲਤ ਲਿਖਿਆ ਤਾਂ ਉਸਦਾ ਵੀ ਠੋਕ ਕੇ ਜਵਾਬ ਦਿੱਤਾ। ਸੁਲੇਖ ਸਾਹਿਬ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ, ਉਰਦੂ ਭਾਸ਼ਾਵਾਂ ਵਿਚ ਬੜੀ ਆਸਾਨੀ ਨਾਲ ਲਿਖ ਲੈਂਦੇ ਸਨ। ਜਿਸ ਭਾਸ਼ਾ ਵਿਚ ਕਿਸੇ ਨੇ ਲਿਖਿਆ ਉਸੇ ਵਿਚ ਜਵਾਬ ਦਿੰਦੇ ਸਨ। ਇਸੇ ਤਰ੍ਹਾਂ ਦੇ ਜਵਾਬ ਉਹ ਡਾ. ਲੇਖ ਰਾਜ ਪਰਵਾਨਾ, ਬਲਬੀਰ ਮਾਧੋਪੁਰੀ, ਡਾ. ਭੀਮਇੰਦਰ ਸਿੰਘ ਅਤੇ ਆਪਣੇ ਪੁਰਾਣੇ ਮਿੱਤਰ ਸਾਥੀ ਐਡੀਟਰ ਭੀਮ ਪਤ੍ਰਿਕਾ ਨੂੰ ਵੀ ਦੇ ਚੁੱਕੇ ਸਨ। ਕੇ.ਸੀ. ਸੁਲੇਖ ਨੇ ਬੁੱਧ ਧਰਮ ਬਾਰੇ ਵੀ ਬਹੁਤ ਲਿਖਿਆ।ਇਸ ਨਾਲ ਉਹਨਾਂ ਨੂੰ ਵਿਸ਼ੇਸ਼ ਲਗਾਓ ਸੀ। ਉਹ ਸਗੋਂ ਆਖਦੇ ਹੁੰਦੇ ਸਨ ਕਿ ‘’ਬੁੱਧ ਧਰਮ ਮੇਰੇ ਦਿਲ ਦੇ ਬਹੁਤ ਕਰੀਬ ਹੈ ਬਲਕਿ ਮੇਰੇ ਦਿਲ ਉਤੇ ਛਾਇਆ ਹੋਇਆ ਹੈ।

ਉਹਨਾਂ ਦੇ ਲੇਖ ਕਿੰਨੇ ਹੀ ਅਖਬਾਰ ਅਤੇ ਮੈਗਜ਼ੀਨਾਂ ਵਿਚ ਰੈਗੂਲਰ ਛਪਦੇ ਰਹੇ। (ਇਹਨਾਂ ਦੀ ਸੂਚੀ ਬਹੁਤ ਲੰਮੀ ਹੈ)। ਉਹਨਾਂ ਦੇ ਇਕ ਸਾਥੀ ਨੇ ਆਪ ਹਿੰਮਤ ਕਰਕੇ ਕੁਝ ਲੇਖ ਇਕੱਤਰ ਕਰਕੇ ਕਿਤਾਬ ਦੇ ਰੂਪ ਵਿਚ ਛਪਵਾ ਦਿੱਤੇ। ਉਹਨਾਂ ਦੀਆਂ ਛੋਟੀਆਂ ਵੱਡੀਆਂ ਰਲਾ ਕੇ ਡੇਢ ਕੁ ਦਰਜਨ ਕਿਤਾਬਾਂ, ਕਿਤਾਬਚੇ ਛਪ ਚੁੱਕੇ ਹਨ ਤੇ ਕਿੰਨੇ ਹੀ ਹੋਰ ਛਪ ਸਕਦੇ ਸਨ। ਉਹ ਲਗਾਤਾਰ ਲਿਖਦੇ ਰਹੇ ਜਦੋਂ ਤੱਕ ਲਿਖਣ ਦੀ ਸਥਿਤੀ ਵਿਚ ਰਹੇ। ਇਸ ਸੇਵਾ ਬਦਲੇ ਉਹਨਾਂ ਨੂੰ ਕਿੰਨੇ ਹੀ ਮਾਣ ਸਨਮਾਨ ਮਿਲਦੇ ਰਹੇ। ਇਹਨਾਂ ਵਿਚ ਡਾ. ਅੰਬੇਡਕਰ ਮਿਸ਼ਨ ਇੰਪਲਾਈਜ਼ ਫੈਡਰੇਸ਼ਨ ਲੁਧਿਆਣਾ ਦਾ 2011 ਅਤੇ ਬੇਗਮਪੁਰਾ ਮਿਸ਼ਨ ਪੰਜਾਬ ਅਤੇ ਅਦਾਰਾ ਗੁਸਈਆਂ ਪੁਰਸਕਾਰ-2018 ਵੀ ਸ਼ਾਮਲ ਹੈ।

ਇਸਤੋਂ ਇਲਾਵਾ ਅਮਰੀਕਾ ਤੋਂ ਛਪਣ ਵਾਲੇ ਸਪਤਾਹਿਕ ਪੇਪਰ ‘ਦੇਸ਼ ਦੁਆਬਾ’ ਅਤੇ ‘ਅੰਬੇਡਕਰ ਟਾਈਮਜ਼’ ਨਾਲ ਵੀ ਉਹਨਾਂ ਨੂੰ ਖਾਸ ਪਿਆਰ ਰਿਹਾ ਹੈ। ਉਹਨਾਂ ਲਈ ਉਹ ਲਗਾਤਾਰ ਲਿਖਦੇ ਰਹੇ। ਇਹਨਾਂ ਦੇ ਐਡੀਟਰ ਪ੍ਰੇਮ ਕੁਮਾਰ ਚੁੰਬਰ ਨੂੰ ਉਹਨਾਂ ਦੀਆਂ ਸੇਵਾਵਾਂ ਬਦਲੇ ਦਿਲੋਂ ਸਤਿਕਾਰ ਅਤੇ ਸਨੇਹ ਕਰਦੇ ਸਨ। ਪ੍ਰੇਮ ਕੁਮਾਰ ਚੁੰਬਰ ਨੇ ਵੀ ਉਹਨਾਂ ਦੀਆਂ ਸੇਵਾਵਾਂ ਦਾ ਸਤਿਕਾਰ ਕਰਦਿਆਂ ਉਹਨਾਂ ਦੇ ਭੋਗ ਦੇ ਮੌਕੇ ਆਪਣੇ ਪੇਪਰ ‘ਦੇਸ਼ ਦੁਆਬਾ’ ਦਾ ਐਡੀਟੋਰੀਅਲ ਪੇਜ ਉਹਨਾਂ ਨੂੰ ਸਮਰਪਿਤ ਕਰਦਿਆਂ ‘ਗੈਸਟ ਸੰਪਾਦਕੀ ਦੇ ਤੌਰ ਤੇ ਭੇਂਟ ਕੀਤਾ। ਡਾ. ਰੌਣਕੀ ਰਾਮ ਜੋ ਉਹਨਾਂ ਦੇ ਵਿਸ਼ੇਸ਼ ਸਤਿਕਾਰ ਦੇ ਪਾਤਰ ਰਹੇ, ਉਹਨਾਂ ਨਾਲ ਉਹ ਨਿੱਠ ਕੇ ਖਲੋਤੇ ਰਹੇ। ਡਾ. ਸਾਹਿਬ ਨੇ ਉਹਨਾਂ ਦੀ ਪੁਸਤਕਾਂ ਲਈ ਮੁਖਬੰਦ ਅਤੇ ਹਵਾਲੇ ਲਿਖੇ। ਮੇਰੇ ਨੇੜੇ ਰਿਹਾਇਸ਼ ਹੋਣ ਕਾਰਨ ਮੈਂ ਅਕਸਰ ਉਹਨਾਂ ਨੂੰ ਸਲਾਹ ਮਸ਼ਵਰੇ, ਲਿਖਤਾਂ, ਡਾ. ਅੰਬੇਡਕਰ ਮਿਸ਼ਨ ਆਦਿ ਬਾਰੇ ਮਿਲਦਾ ਰਹਿੰਦਾ ਸੀ। ਮੈਨੂੰ ਉਹਨਾਂ ਦੇ ਜਾਣ ਦਾ ਅਤਿਅੰਤ ਦੁੱਖ ਹੋਇਆ। ਥੋੜ੍ਹੇ ਦਿਨ ਪਹਿਲਾਂ ਹੀ ਮੈਂ ਉਹਨਾਂ ਦੀ ਯਾਦ ਵਿਚ ਅਤੇ ਸੇਵਾਵਾਂ ਬਾਰੇ ਇਕ ‘ਅਭਿਨੰਦਨ ਗ੍ਰੰਥ ਤਿਆਰ ਕਰਨ ਦੀ ਸਲਾਹ ਦਿੱਤਾ ਜਿਸਦਾ ਡਾ. ਕੱਲਰਮਾਜਰੀ, ਡਾ. ਰੌਣਕ ਰਾਮ, ਰਾਜਕੁਮਾਰ ਓਸ਼ੋਰਾਜ ਵੱਲੋਂ ਭਰਵਾਂ ਹੁੰਗਾਰਾ ਭਰਿਆ ਗਿਆ। ਹੋਰ ਵੀ ਕਈ ਸਾਥੀ ਤਿਆਰ ਸਨ। ਮੈਂ ਜਦੋਂ ਕੇ. ਸੀ. ਸੁਲੇਖ ਨਾਲ ਇਸ ਬਾਰੇ ਵਿਚਾਰ ਵਟਾਂਦਰਾ ਕੀਤਾ ਤਾਂ ਉਹ ਬਹੁਤ ਖੁਸ਼ ਹੋਏ। ਉਹਨਾਂ ਦਾ ਚਿਹਰਾ ਖਿੜ ਗਿਆ। ਉਹਨਾਂ ਇਸ ਸਬੰਧੀ ਕੁਝ ਸੁਝਾਅ ਵੀ ਦਿੱਤੇ। ਬੱਸ ਸ਼ੁਰੂ ਕਰਨ ਵਿਚ ਕੁਝ ਹੀ ਸਮਾਂ ਸੀ ਕਿ ਉਹ ਤੁਰ ਗਏ। ਮੈਨੂੰ ਇਸਦਾ ਝੋਰਾ ਅਤੇ ਅਫਸੋਸ ਰਹੇਗਾ।

# ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਿਤਵ ਅਭਿਆਨ ਦਿਵਸ ਜਿਲ੍ਹੇ ਦੀਆਂ ਸਿਹਤ ਸੰਸਥਾਵਾਂ ਵਿੱਚ ਮਨਾਇਆ



ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਸਿਵਲ ਸਰਜਨ ਡਾ. ਬਲਬੀਰ ਕੁਮਾਰ ਦੇ ਨਿਰਦੇਸ਼ਾਂ ਅਨੁਸਾਰ ਅੱਜ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਿਤਵ ਅਭਿਆਨ ਦਿਵਸ (PMS-MA) ਮਨਾਇਆ ਗਿਆ। ਇਹ ਕੈਂਪ ਹਰ ਮਹੀਨੇ ਦੀ 9 ਅਤੇ 23 ਤਾਰੀਖ ਨੂੰ ਜਿਲ੍ਹੇ ਦੀਆਂ ਸਮੂਹ ਸਿਹਤ ਸੰਸਥਾਵਾਂ ਜਿਵੇਂ ਕਿ ਪੀ.ਐਚ. ਸੀਜ਼, ਸੀ.ਐਚ.ਸੀਜ਼, ਸਬ-ਡਿਵਿਜ਼ਨਲ ਹਸਪਤਾਲਾਂ ਅਤੇ ਜ਼ਿਲ੍ਹਾ ਹਸਪਤਾਲ ਵਿਖੇ ਆਯੋਜਿਤ ਕੀਤੇ ਜਾਂਦੇ ਹਨ। ਛੁੱਟੀ ਦੇ ਮੌਕੇ ‘ਤੇ ਇਹ ਕੈਂਪ ਅਗਲੇ ਦਿਨ ਲਗਾਏ ਜਾਂਦੇ ਹਨ। ਇਸ ਅਭਿਆਨ ਦਾ ਮੁੱਖ ਉਦੇਸ਼ ਗਰਭਵਤੀ ਔਰਤਾਂ ਨੂੰ ਜਣੇਪਾ ਪੂਰਵ ਦੇਖਭਾਲ (ANC) ਸੇਵਾਵਾਂ, ਜਰੂਰੀ ਟੈਸਟਾਂ ਅਤੇ ਇਲਾਜ ਦੀ ਮੁਫ਼ਤ ਸਹੂਲਤ ਪ੍ਰਦਾਨ ਕਰਨਾ ਹੈ ਤਾਂ ਜੋ ਮਾਂ ਅਤੇ ਬੱਚੇ ਦੀ ਸਿਹਤ ਸੁਨਿਸ਼ਚਿਤ ਕੀਤੀ ਜਾ ਸਕੇ। ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਰਣਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਜਿਲ੍ਹੇ ਦੀਆਂ ਸਮੂਹ ਸਿਹਤ ਸੰਸਥਾਵਾਂ ਵਿੱਚ ਵਿਸ਼ੇਸ਼ ਤੌਰ ‘ਤੇ ਮਹਿਲਾ ਰੋਗਾਂ ਦੇ ਮਾਹਰ, ਮੈਡੀਕਲ ਸਪੈਸ਼ਲਿਸਟ ਡਾਕਟਰਾਂ ਅਤੇ ਪੈਰਾਮੈਡੀਕਲ ਸਟਾਫ਼ ਦੀ ਟੀਮ ਵੱਲੋਂ ਗਰਭਵਤੀ ਔਰਤਾਂ ਦੀ ਪੂਰੀ ਜਾਂਚ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਅਭਿਆਨ ਤਹਿਤ ਦੂਸਰੀ ਅਤੇ ਤੀਜੀ ਤਿਮਾਹੀ ਦੀਆਂ ਸਾਰੀਆਂ ਗਰਭਵਤੀ ਔਰਤਾਂ ਦੀ ਘੱਟੋ-ਘੱਟ ਇੱਕ ਵਾਰ ਜਣੇਪਾ ਪੂਰਵ ਜਾਂਚ (ANC Check-up) ਸੁਨਿਸ਼ਚਿਤ ਕੀਤੀ ਜਾਂਦੀ ਹੈ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਸੋਈ) ਲੰਬੀ ਵਿਖੇ ਸਾਇੰਸ ਅਤੇ ਗਣਿਤ ਵਿਸ਼ੇ ਦਾ ਮੇਲਾ ਲਗਾਇਆ



ਸ੍ਰੀ ਮੁਕਤਸਰ ਸਾਹਿਬ (ਜਸਵਿੰਦਰ ਪਾਲ ਸ਼ਰਮਾ)- 24 ਅਕਤੂਬਰ 2025- ਅੱਜ ਸਕੂਲ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਮੁਤਾਬਕ ਮਾਨਯੋਗ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਜਸਪਾਲ ਮੋਂਗਾ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਰਜਿੰਦਰ ਕੁਮਾਰ ਸੋਨੀ ਜੀ ਦੀ ਯੋਗ ਅਗਵਾਈ ਅਤੇ ਅਕਾਦਮਿਕ ਸਪੋਰਟ ਗਰੁੱਪ ਦੇ ਡੀਆਰਸੀ ਗੁਰਮੇਲ ਸਿੰਘ ਸਾਗੂ ਜੀ ਦੀ ਯੋਗ ਰਹਿਨੁਮਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੋਈ ਲੰਬੀ ਵਿਖੇ ਸਕੂਲ ਦੇ ਪ੍ਰਿੰਸੀਪਲ ਰਾਜੀਵ ਕੁਮਾਰ ਛਾਬੜਾ ਜੀ ਦੀ ਅਗਵਾਈ ਵਿੱਚ ਸਾਇੰਸ ਅਤੇ ਗਣਿਤ ਵਿਸ਼ੇ ਦਾ ਮੇਲਾ ਲਗਾਇਆ ਗਿਆ। ਜਿਸ ਵਿੱਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਸਮੇਂ ਸਕੂਲ ਦੇ ਸਾਇੰਸ ਅਤੇ ਗਣਿਤ ਅਧਿਆਪਕ ਅਮਿਤ ਕੁਮਾਰ, ਪਰਮਿੰਦਰ ਸਿੰਘ, ਪੂਨਮ ਰਾਣੀ, ਸੰਜੂ ਬਾਲਾ, ਸ਼ਰਦਜੀਤ ਸਿੰਘ, ਸੰਜੀਵ ਕੁਮਾਰ, ਅਮਨਦੀਪ ਕੌਰ, ਕਿਰਨਪਾਲ ਕੌਰ ਕਾਮਰਸ ਅਧਿਆਪਕ ਰੌਸ਼ਨੀ ਦੇਵੀ, ਰਛਪਾਲ ਸਿੰਘ, ਪੌਲ ਸਾਇੰਸ ਅਧਿਆਪਕ ਬੂਟਾ ਸਿੰਘ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਪ੍ਰਕਾਰ ਦੇ ਮਾਡਲ ਅਤੇ ਗਤੀਵਿਧੀਆਂ ਪੇਸ਼ ਕਰਨ ਲਈ ਉਤਸਾਹਿਤ ਕੀਤਾ। ਵਿਦਿਆਰਥੀਆਂ ਨੇ ਬਹੁਤ ਹੀ ਦਿਲਚਸਪ ਤਰੀਕੇ ਨਾਲ ਸਾਇੰਸ ਅਤੇ ਗਣਿਤ ਦੀਆਂ ਗਤੀਵਿਧੀਆਂ ਨੂੰ ਮਾਡਲਾਂ ਦੇ ਰੂਪ ਵਿੱਚ ਪੇਸ਼ ਕੀਤਾ। ਇਸ ਸਮੇਂ ਬੀਆਰਸੀ ਸ੍ਰੀ ਰਜਿੰਦਰ ਮੋਹਨ ਵੀ ਉਚੇਚੇ ਤੌਰ ਤੇ ਪਹੁੰਚੇ ਅਤੇ ਉਹਨਾਂ ਨੇ ਹੋਣਹਾਰ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਸਰਾਹਨਾ ਕੀਤੀ। ਉਹਨਾਂ ਨੇ ਵਿਭਾਗ ਦੁਆਰਾ ਕਰਵਾਈਆਂ ਜਾਂਦੀਆਂ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਦੀ ਪ੍ਰਸ਼ੰਸਾ ਕਰਦੇ ਹੋਏ ਦੱਸਿਆ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨਾਲ ਵਿਦਿਆਰਥੀਆਂ ਦਾ ਗਿਆਨ ਚਿਰ ਸਥਾਈ ਹੋ ਜਾਂਦਾ ਹੈ। ਇਸ ਮੌਕੇ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

ਐਵੇਂ ਤਾਂ ਨੀ ਸਿਰਾਂ ਦੇ ਉੱਤੇ ਤਾਜ ਸਜਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਸੁੱਤਿਆਂ ਦੇ ਸਿਰਾਂ ਤੇ ਨੀ ਤਾਜ ਸਜਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਜਿਹਨਾਂ ਦਿਆਂ ਸਿਰਾਂ ਤੇ ਜਨੂੰਨ ਬੋਲਦਾ, ਰਾਤਾਂ ਨੂੰ ਨਾਂ, ਉਹਨਾਂ ਨੂੰ ਨੀਂਦਾਂ ਆਉਂਦੀਆਂ।

# ਡੀਸੀ ਦੇ ਕਿਸਾਨ ਵਿਰੋਧੀ ਰਵੱਈਏ ਖਿਲਾਫ਼ ਖੰਡਾ ਚੌਂਕ ਜਾਮ



ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾਕਟਰ ਪ੍ਰੀਤੀ ਯਾਦਵ ‘ਤੇ ਕਿਸਾਨਾਂ ਦੇ ਮਸਲੇ ਨਜ਼ਰ ਅੰਦਾਜ਼ ਕਰਨ ਦੇ ਦੋਸ਼ ‘ਤੇ ਰੋਸ ਵਜੋਂ ਡੀ.ਸੀ ਦਫ਼ਤਰ ਦਾ ਘਿਰਾਓ ਕਰਨ ਵਾਲੇ ਕਿਸਾਨਾਂ ਨੇ ਅੱਜ ਸ਼ਾਮੀ ਡੀ.ਸੀ ਦਫ਼ਤਰ ਤੋਂ ਕਿਲੋਮੀਟਰ ਦੇ ਫਾਸਲੇ ‘ਤੇ ਸਥਿਤ ਖੰਡਾ ਚੌਂਕ ਵੀ ਜਾਮ ਲਾ ਦਿੱਤਾ। ਜਿਸ ਕਾਰਨ ਸ਼ਹਿਰ ਦੇ ਕਾਫੀ ਹਿੱਸੇ ਵਿੱਚ ਟਰੈਫਿਕ ਦੀ ਵੱਡੀ ਸਮੱਸਿਆ ਪੈਦਾ ਹੋ ਗਈ ਹੈ। ਉਧਰ ਪੁਲੀਸ ਤੇ ਸਿਵਲ ਪ੍ਰਸ਼ਾਸਨ ਦੇ ਅਧਿਕਾਰੀਆਂ ਵੱਲੋਂ ਕਿਸਾਨ ਆਗੂਆਂ ਨੂੰ ਮਨਾਉਣ ਲਈ ਚਾਰਾਜੋਈ ਕੀਤੀ ਜਾ ਰਹੀ। ਇਸ ਧਰਨੇ ਵਿੱਚ ਸੰਯੁਕਤ ਕਿਸਾਨ ਮੋਰਚਾ ਦੇ ਅਧੀਨ ਆਉਂਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਆਗੂ ਅਤੇ ਮੈਂਬਰ ਸ਼ਾਮਿਲ ਹਨ।

"Equality and justice"
Patiala 24 October
INTERNATIONAL PAPER, 94636 01616
hardipchumber57@gmail.com

# ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਐੱਨ.ਆਰ.ਸੀ.–ਐੱਨ.ਸੀ.ਟੀ.ਈ. ਵੱਲੋਂ ਮਾਨਸਿਕ ਸਿਹਤ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ

ਡਾਕਟਰ ਤਪਨ ਸਾਹੂ
ਪ੍ਰਿੰਸੀਪਲ ਐਸ.ਡੀ ਕਾਲਜ ਆਫ ਐਜੂਕੇਸ਼ਨ (ਬਰਨਾਲਾ)

ਦੇਸ਼ ਦੇ ਸਿੱਖਿਆ ਸੰਸਥਾਨਾਂ ਵਿੱਚ ਵਧ ਰਹੀ ਮਾਨਸਿਕ ਸਿਹਤ ਸੰਕਟ ਨੂੰ ਗੰਭੀਰਤਾ ਨਾਲ ਲੈਂਦਿਆਂ, ਰਾਸ਼ਟਰੀ ਅਧਿਆਪਕ ਸਿੱਖਿਆ ਕੌਂਸਲ (ਐੱਨ.ਸੀ.ਟੀ.ਈ.) ਦੀ ਉੱਤਰੀ ਖੇਤਰੀ ਕਮੇਟੀ (ਐੱਨ.ਆਰ.ਸੀ.) ਨੇ ਆਪਣੇ ਅਧੀਨ ਆਉਂਦੀਆਂ ਸਾਰੀਆਂ ਅਧਿਆਪਕ ਸਿੱਖਿਆ ਸੰਸਥਾਵਾਂ (ਟੀ.ਈ.ਆਈਜ਼) ਨੂੰ ਮਾਨਸਿਕ ਸਿਹਤ ਜਾਗਰੂਕਤਾ ਮੁਹਿੰਮਾਂ ਸ਼ੁਰੂ ਕਰਨ ਦੇ ਹੁਕਮ ਜਾਰੀ ਕੀਤੇ ਹਨ। ਇਹ ਕਦਮ ਮਾਨਯੋਗ ਸੁਪਰੀਮ ਕੋਰਟ ਦੇ ਤਾਜ਼ਾ ਫ਼ੈਸਲੇ ਦੇ ਅਨੁਸਾਰ ਚੁੱਕਿਆ ਗਿਆ ਹੈ।

ਸੁਪਰੀਮ ਕੋਰਟ ਨੇ ਵਿਦਿਆਰਥੀਆਂ ਵਿੱਚ ਵਧ ਰਹੀਆਂ ਖੁਦਕੁਸ਼ੀਆਂ ਅਤੇ ਮਾਨਸਿਕ ਦਬਾਅ ਪ੍ਰਤੀ ਚਿੰਤਾ ਜ਼ਾਹਰ ਕਰਦਿਆਂ ਵਿਸਤ੍ਰਿਤ ਦਿਸ਼ਾ–ਨਿਰਦੇਸ਼ ਜਾਰੀ ਕੀਤੇ ਹਨ। ਇਨ੍ਹਾਂ ਵਿੱਚ ਹਰ ਸਿੱਖਿਆ ਸੰਸਥਾ ਲਈ ਇਕਸਾਰ ਮਾਨਸਿਕ ਸਿਹਤ ਨੀਤੀ ਬਣਾਉਣ, ਯੋਗ ਕੌਂਸਲਰ ਨਿਯੁਕਤ ਕਰਨ ਅਤੇ ਮਾਨਸਿਕ ਸਹਾਇਤਾ ਪ੍ਰਣਾਲੀਆਂ ਸਥਾਪਤ ਕਰਨ ਦੇ ਹੁਕਮ ਸ਼ਾਮਲ ਹਨ।

### ਚਿੰਤਾਜਨਕ ਅੰਕੜੇ

ਕੋਰਟ ਨੇ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨ.ਸੀ.ਆਰ.ਬੀ.) ਦੀ 2022 ਦੀ ਰਿਪੋਰਟ “ਭਾਰਤ ਵਿੱਚ ਦੁਰਘਟਨਾਵਾਂ ਅਤੇ ਖੁਦਕੁਸ਼ੀਆਂ” ਦਾ ਹਵਾਲਾ ਦਿੱਤਾ, ਜਿਸ ਮੁਤਾਬਕ 2022 ਵਿੱਚ ਭਾਰਤ ਵਿੱਚ 1,70,924 ਖੁਦਕੁਸ਼ੀਆਂ ਦਰਜ ਹੋਈਆਂ, ਜਿਨ੍ਹਾਂ ਵਿੱਚੋਂ 7.6% ਵਿਦਿਆਰਥੀ ਸਨ। ਇਨ੍ਹਾਂ ਵਿੱਚ 2,248 ਮੌਤਾਂ ਪਰੀਖਿਆ ਵਿੱਚ ਅਸਫਲਤਾ ਨਾਲ ਸੰਬੰਧਿਤ ਸਨ। ਪਿਛਲੇ ਦੋ ਦਹਾਕਿਆਂ ਵਿੱਚ ਵਿਦਿਆਰਥੀ ਖੁਦਕੁਸ਼ੀਆਂ ਦੀ ਗਿਣਤੀ ਲਗਾਤਾਰ ਵਧੀ ਹੈ। ਕੋਰਟ ਨੇ ਟ੍ਰਾਂਸਜੈਂਡਰ ਅਤੇ ਨਾਨ–ਬਾਈਨਰੀ ਵਿਦਿਆਰਥੀਆਂ ਬਾਰੇ ਡਾਟਾ ਦੀ ਕਮੀ ‘ਤੇ ਵੀ ਅਫ਼ਸੋਸ ਜ਼ਾਹਰ ਕੀਤਾ।

ਕੋਰਟ ਨੇ ਕਿਹਾ — “ਇਹ ਸਿਰਫ਼ ਅੰਕੜੇ ਨਹੀਂ, ਸਗੋਂ ਉਹ ਜ਼ਿੰਦਗੀਆਂ ਹਨ ਜੋ ਮਾਨਸਿਕ ਦਬਾਅ, ਸਮਾਜਿਕ ਦਾਗ਼ ਅਤੇ ਅਣਸੰਵੇਦਨਸ਼ੀਲਤਾ ਦੇ ਕਾਰਨ ਅਕਾਲ ਮੌਤ ਦਾ ਸ਼ਿਕਾਰ ਹੋਈਆਂ ਹਨ।”

### ਸਰਕਾਰੀ ਯਤਨ ਤੇ ਟਾਸਕ ਫੋਰਸ

ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਵੱਲੋਂ ਕੀਤੀਆਂ ਪਹਿਲਕਦਮੀਆਂ ਜਿਵੇਂ ਕਿ ਉਮੀਦ ਗਾਈਡਲਾਈਨਜ਼ (2023), ਮਨੋਦਰਪਣ ਪਹੁੰਚ, ਅਤੇ ਰਾਸ਼ਟਰੀ ਖੁਦਕੁਸ਼ੀ ਰੋਕਥਾਮ ਰਣਨੀਤੀ (2022) ਦਾ ਜ਼ਿਕਰ ਕੀਤਾ। ਇਨ੍ਹਾਂ ਪਹਿਲਾਂ ਦਾ ਉਦੇਸ਼ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਦੀ ਰੱਖਿਆ ਕਰਨਾ ਹੈ।




ਕੋਰਟ ਨੇ ਇਹ ਵੀ ਦੱਸਿਆ ਕਿ ਜਸਟਿਸ (ਰਿਟਾਇਰਡ) ਰਵਿੰਦਰ ਭਟ ਦੀ ਅਗਵਾਈ ਹੇਠ ਇਕ ਰਾਸ਼ਟਰੀ ਟਾਸਕ ਫੋਰਸ ਬਣਾਈ ਗਈ ਹੈ।

ਕੋਰਟ ਨੇ ਸਪਸ਼ਟ ਕੀਤਾ ਕਿ ਮਾਨਸਿਕ ਸਿਹਤ ਜੀਵਨ ਦੇ ਅਧਿਕਾਰ (ਧਾਰਾ 21) ਦਾ ਅਟੁੱਟ ਹਿੱਸਾ ਹੈ ਅਤੇ ਕਿਹਾ ਕਿ “ਜੀਵਨ ਦਾ ਅਧਿਕਾਰ ਸਿਰਫ਼ ਜੀਉਣ ਦਾ ਨਹੀਂ, ਸਗੋਂ ਮਰਿਆਦਾ ਅਤੇ ਸੁਖਾਲੇ ਜੀਵਨ ਦਾ ਅਧਿਕਾਰ ਹੈ।”

### ਸੁਪਰੀਮ ਕੋਰਟ ਦੇ ਮੁੱਖ ਨਿਰਦੇਸ਼

ਕੋਰਟ ਨੇ ਹੇਠ ਲਿਖੇ ਬਾਈਡਿੰਗ ਹੁਕਮ ਜਾਰੀ ਕੀਤੇ ਹਨ:

- ਹਰ ਸਿੱਖਿਆ ਸੰਸਥਾ ਮਾਨਸਿਕ ਸਿਹਤ ਨੀਤੀ ਤਿਆਰ ਕਰੇ।
- ਹਰ 100 ਵਿਦਿਆਰਥੀਆਂ ‘ਤੇ ਇੱਕ ਯੋਗ ਕੌਂਸਲਰ ਨਿਯੁਕਤ ਕੀਤਾ ਜਾਵੇ।
- ਅਧਿਆਪਕਾਂ ਤੇ ਸਟਾਫ਼ ਲਈ ਸਾਲ ਵਿੱਚ ਦੋ ਵਾਰ ਟ੍ਰੇਨਿੰਗ ਹੋਵੇ।
- ਟੈਲੀ–ਮਾਨਸ ਤੇ ਹੋਰ ਹੈਲਪਲਾਈਨ ਨੰਬਰ ਪ੍ਰਮੁੱਖ ਤੌਰ ‘ਤੇ ਪ੍ਰਦਰਸ਼ਿਤ ਕੀਤੇ ਜਾਣ।
- ਸੰਵੇਦਨਸ਼ੀਲ ਵਿਵਹਾਰ ਤੇ ਗੁਪਤ ਸ਼ਿਕਾਇਤ ਪ੍ਰਣਾਲੀ ਦੀ ਸਥਾਪਨਾ ਹੋਵੇ।
- ਸਾਲਾਨਾ ਮਾਨਸਿਕ ਸਿਹਤ ਰਿਪੋਰਟ ਸੰਬੰਧਤ ਨਿਯਾਮਕ ਸੰਸਥਾਵਾਂ ਨੂੰ ਭੇਜੀ ਜਾਵੇ।

### ਐੱਨ.ਆਰ.ਸੀ.–ਐੱਨ.ਸੀ.ਟੀ.ਈ. ਦੀ ਤੁਰੰਤ ਕਾਰਵਾਈ

ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਣਾ ਕਰਦਿਆਂ, ਐੱਨ.ਆਰ.ਸੀ.–ਐੱਨ.ਸੀ.ਟੀ.ਈ. ਨੇ ਸਾਰੀਆਂ ਅਧਿਆਪਕ ਸਿੱਖਿਆ ਸੰਸਥਾਵਾਂ ਨੂੰ ਕਿਹਾ ਹੈ ਕਿ:

- ਅੰਦਰੂਨੀ ਪੱਧਰ ‘ਤੇ ਹੁਕਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ।
- ਜ਼ਿਲ੍ਹਾ ਪ੍ਰਸ਼ਾਸਨ ਨਾਲ ਮਿਲ ਕੇ ਮਾਨਸਿਕ ਸਿਹਤ ਕਮੇਟੀਆਂ ਵਿੱਚ ਭਾਗ ਲਿਆ ਜਾਵੇ।
- ਅਧਿਆਪਕ ਪ੍ਰਸ਼ਿਕਸ਼ੂਆਂ ਤੇ ਸਟਾਫ਼ ਲਈ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤੇ ਜਾਣ।

ਸਾਰੀਆਂ ਸੰਸਥਾਵਾਂ ਨੂੰ 26 ਅਕਤੂਬਰ 2025 ਤੱਕ ਕਾਰਵਾਈ ਰਿਪੋਰਟ ਭੇਜਣ ਲਈ ਕਿਹਾ ਗਿਆ ਹੈ।

ਇੱਕ ਅਧਿਕਾਰੀ ਨੇ ਕਿਹਾ — “ਅਧਿਆਪਕ ਸਿੱਖਿਆ ਸਿਰਫ਼ ਪੈਡਾਗੌਜੀ ਨਹੀਂ, ਇਹ ਸੰਵੇਦਨਸ਼ੀਲਤਾ ਅਤੇ ਸਮਵੇਦਨਾ ਦੀ ਸਿੱਖਿਆ ਵੀ ਹੈ। ਸੰਵੇਦਨਸ਼ੀਲ ਅਧਿਆਪਕ ਹੀ ਸੰਵੇਦਨਸ਼ੀਲ ਵਿਦਿਆਰਥੀ ਤਿਆਰ ਕਰ ਸਕਦੇ ਹਨ।”

### ਇਕ ਮਾਨਵੀ ਸਿੱਖਿਆ ਵੱਲ ਕਦਮ

ਵਿਦਵਾਨਾਂ ਨੇ ਇਸ ਪਹਿਲ ਨੂੰ ਸਿੱਖਿਆ ਖੇਤਰ ਵਿੱਚ ਇਕ ਮਹੱਤਵਪੂਰਨ ਤੇ ਸਮੇਂਸਰ ਕਦਮ ਕਿਹਾ ਹੈ। ਇਹ ਯਤਨ ਦਰਸਾਉਂਦਾ ਹੈ ਕਿ ਅਸਲ ਸਿੱਖਿਆ ਉਹ ਹੈ ਜਿੱਥੇ ਅਕਾਦਮਿਕ ਉਤਕ੍ਰਿਸ਼ਟਤਾ ਅਤੇ ਮਾਨਸਿਕ ਸੁਖਾਲਤਾ ਇੱਕਠੇ ਵਿਕਸਿਤ ਹੁੰਦੇ ਹਨ।

# ਨਰਸਿੰਗ ਕਾਲਜ ਢਾਹਾਂ ਕਲੇਰਾਂ ਵਿਖੇ ਦਾਖਲ ਨਵੇਂ ਵਿਦਿਆਰਥੀਆਂ ਲਈ ਜਾਣ ਪਛਾਣ ਸਮਾਗਮ ਦਾ ਆਯੋਜਨ

"Equality and justice"
Patiala 24 October
INTERNATIONAL PAPER, 94636 01616
hardipchumber57@gmail.com



ਬੰਗਾ, 24 ਅਕਤੂਬਰ (ਚਰਨਜੀਤ ਸੱਲ੍ਹਾਂ) ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਤੋਂ ਮਾਨਤਾ ਪ੍ਰਾਪਤ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਵਿਖੇ ਬੀ ਐਸ ਸੀ ਨਰਸਿੰਗ ਅਤੇ ਜੀ ਐਨ ਐਮ ਨਰਸਿੰਗ ਕੋਰਸ ਵਿੱਚ ਦਾਖਲ ਨਵੇਂ ਵਿਦਿਆਰਥੀਆਂ ਦਾ ਸਵਾਗਤ ਕਰਦੇ ਹੋਏ ਉਹਨਾਂ ਲਈ ਜਾਣ ਪਛਾਣ ਸਮਾਗਮ ਕਰਵਾਇਆ ਗਿਆ। ਸਮਾਗਮ ਦਾ ਆਰੰਭ ਗੁਰਬਾਣੀ ਸ਼ਬਦ ਨਾਲ ਹੋਇਆ। ਉਪਰੰਤ ਸਮਾਗਮ ਦੇ ਮੁੱਖ ਮਹਿਮਾਨ ਡਾ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਸ਼ਮਾ ਰੋਸ਼ਨ ਕਰਨ ਦੀ ਰਸਮ ਅਦਾ ਕੀਤੀ। ਇਸ ਮੌਕੇ ਡਾ. ਢਾਹਾਂ ਨੇ ਨਵੇਂ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕਰਦੇ ਹੋਏ ਬਾਨੀ ਪ੍ਰਧਾਨ ਬਾਬਾ ਬੁੱਧ ਸਿੰਘ ਢਾਹਾਂ ਨੂੰ ਯਾਦ ਕਰਦੇ ਹੋਏ ਸੰਸਥਾ ਦੇ ਸ਼ਾਨਮੱਤੀ ਇਤਿਹਾਸ ਤੋਂ ਜਾਣੂੰ ਕਰਵਾਇਆ। ਉਹਨਾਂ ਦੱਸਿਆ ਕਿ ਸਾਲ 1993 ‘ਚ ਢਾਹਾਂ ਕਲੇਰਾਂ ਵਿਖੇ ਨਰਸਿੰਗ ਸਕੂਲ ਤੇ 1998 ਵਿੱਚ ਨਰਸਿੰਗ ਕਾਲਜ ਆਰੰਭ ਕੇ ਪੰਜਾਬ ਵਿੱਚ ਨਰਸਿੰਗ ਸਿੱਖਿਆ ਬਾਰੇ ਆਮ ਲੋਕਾਈ ਨੂੰ ਜਾਣੂ ਕਰਵਾਇਆ। ਇਸ ਨਰਸਿੰਗ ਕਾਲਜ ਤੋਂ 2500 ਤੋਂ ਵੱਧ ਵਿਦਿਆਰਥੀ ਡਿਗਰੀਆਂ ਪ੍ਰਾਪਤ ਕਰਕੇ ਸੰਸਾਰ ਭਰ ਵਿਚ ਨਰਸਿੰਗ ਸਿਹਤ ਸੇਵਾਵਾਂ ਅਤੇ ਉੱਚ ਲੀਡਰਸ਼ਿੱਪ ਖੇਤਰ ਵਿਚ ਸ਼ਾਨਦਾਰ ਸੇਵਾਵਾਂ ਨਿਭਾਅ ਰਹੇ ਹਨ। ਡਾ. ਢਾਹਾਂ ਨੇ ਇਕੱਤਰ ਵਿਦਿਆਰਥੀਆਂ ਨੂੰ ਇਮਾਨਦਾਰੀ ਅਤੇ ਮਿਹਨਤ ਨਾਲ ਪੜ੍ਹਾਈ ਕਰਕੇ ਆਪਣਾ, ਆਪਣੇ ਮਾਪਿਆਂ ਦਾ ਅਤੇ ਕਾਲਜ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਆ। ਮੈਡਮ ਰਮਨਦੀਪ ਕੌਰ ਕੰਗ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਨੇ ਵਿਦਿਆਰਥੀਆਂ ਨੂੰ ਜੀ ਆਇਆਂ ਕਹਿੰਦੇ ਹੋਏ ਦੱਸਿਆ ਕਿ ਕਾਲਜ ਵਿਚ ਆਧੁਨਿਕ ਤਰੀਕਿਆਂ ਨਾਲ ਪੜ੍ਹਾਈ ਕਰਵਾਈ ਜਾਂਦੀ ਹੈ ਅਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ। ਇਸ ਮੌਕੇ ਸੰਸਥਾ ਬਾਰੇ ਜਾਣਕਾਰੀ ਦਿੰਦੀ ਡਾਕੂਮੈਂਟਰੀ ਫਿਲਮ ਵੀ ਦਿਖਾਈ ਗਈ। ਨਰਸਿੰਗ ਵਿਦਆਰਥੀਆਂ ਮਨਪ੍ਰੀਤ ਕੌਰ ਢਿੱਲੋਂ ਅਤੇ ਹਿਨਾ ਵੱਲੋਂ ਸਲਾਈਡ ਸ਼ੋਅ ਰਾਹੀ ਕਾਲਜ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਜੀ ਐਨ ਐਮ ਤੀਜਾ ਸਾਲ ਦੇ ਵਿਦਿਆਰਥੀਆਂ ਦਮਨਪ੍ਰੀਤ ਕੌਰ ਅਤੇ ਜਸਪ੍ਰੀਤ ਨੇ ਨਿੱਜੀ ਤਜਰਬੇ ਸਾਂਝੇ ਕਰਦੇ ਹੋਏ ਕਿਹਾ ਕਿ ਢਾਹਾਂ ਕਲੇਰਾਂ ਨਰਸਿੰਗ ਕਾਲਜ ਵਿਚ ਪੜ੍ਹਾਈ ਕਰਕੇ ਉਹਨਾਂ ਨੂੰ ਜੀਵਨ ਵਿਚ ਕਾਮਯਾਬ ਹੋਣ ਲਈ ਨਵੀਂ ਦਿਸ਼ਾ ਮਿਲੀ ਹੈ। ਇਸ ਮੌਕੇ ਸਮੂਹ ਕਾਲਜ ਸਟਾਫ ਅਤੇ ਨਵੇਂ ਨਵੇਂ ਬੀ ਐਸ ਸੀ ਨਰਸਿੰਗ ਅਤੇ ਜੀ ਐਨ ਐਮ ਨਰਸਿੰਗ ਵਿਦਿਆਰਥੀਆਂ ਵੱਲੋਂ ਆਪਣੀ ਜਾਣਪਛਾਣ ਦਿੰਦੇ ਹੋਏ ਆਪਣੇ ਵਿਚਾਰ ਸਾਂਝੇ ਕੀਤੇ। ਜੀ ਐਨ ਐਮ (ਪਹਿਲਾ ਸਾਲ) ਦੀ ਵਿਦਿਆਰਥੀ ਨਵਜੋਤ ਕੌਰ ਨੇ ਸਮੂਹ ਵਿਦਿਆਰਥੀਆਂ ਲਈ ਰੱਖੇ ਸਮਾਗਮ ਲਈ ਧੰਨਵਾਦ ਕੀਤਾ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਮੈਡਮ ਗੁਰਦੀਪ ਕੌਰ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਮੈਡਮ ਸੁਖਮਿੰਦਰ ਕੌਰ ਉੱਭੀ, ਮੈਡਮ ਮਹਿੰਦਰ ਕੌਰ, ਮੈਡਮ ਵੰਦਨਾ ਬਸਰਾ, ਮੈਡਮ ਰਾਬੀਆ ਹਾਟਾ, ਮੈਡਮ ਸਰਬਜੀਤ ਕੌਰ, ਮੈਡਮ ਨੇਹਾ ਰਾਣੀ, ਮੈਡਮ ਸ਼ਿਵਾਨੀ ਭਰਦਵਾਜ, ਸ੍ਰੀ ਗੁਰਮੀਤ ਸਿੰਘ, ਮੈਡਮ ਰਣਜੀਤ ਕੌਰ ਲਾਇਬ੍ਰੇਰੀਅਨ ਵੀ ਵਿਸ਼ੇਸ਼ ਤੌਰ ਹਾਜ਼ਰ ਸਨ।

ਤਸਵੀਰ : ਨਰਸਿੰਗ ਕਾਲਜ ਢਾਹਾਂ ਕਲੇਰਾਂ ਵਿਖੇ ਦਾਖਲ ਨਵੇਂ ਵਿਦਿਆਰਥੀਆਂ ਲਈ ਹੋਏ ਜਾਣ ਪਛਾਣ ਸਮਾਗਮ ਦੀਆਂ ਤਸਵੀਰਾਂ

# ਹੱਥ ਤੇ ਖੁਦਕੁਸ਼ੀ ਨੋਟ ਲਿਖ ਕੇ ਮਹਿਲਾ ਡਾਕਟਰ ਨੇ ਦਿੱਤੀ ਜਾਨ; ਪੁਲੀਸ ਮੁਲਾਜ਼ਮਾਂ ’ਤੇ ਜਬਰ-ਜਨਾਹ ਦੇ ਇਲਜ਼ਾਮ !

"Equality and justice"
Patiala 24 October
INTERNATIONAL PAPER, 94636 01616
hardipchumber57@gmail.com



ਮਹਾਰਾਸ਼ਟਰ ਦੇ ਸਤਾਰਾ ਜ਼ਿਲ੍ਹੇ ਦੇ ਇੱਕ ਸਰਕਾਰੀ ਹਸਪਤਾਲ ਵਿੱਚ ਇੱਕ ਮਹਿਲਾ ਡਾਕਟਰ ਨੇ ਕਥਿਤ ਤੌਰ ’ਤੇ ਖੁਦਕੁਸ਼ੀ ਕਰ ਲਈ। ਪੁਲੀਸ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਸਨੇ ਦੋ ਪੁਲੀਸ ਮੁਲਾਜ਼ਮਾਂ ’ਤੇ ਬਲਾਤਕਾਰ ਅਤੇ ਮਾਨਸਿਕ ਪਰੇਸ਼ਾਨੀ ਦੇ ਦੋਸ਼ ਲਗਾਉਂਦਿਆਂ ਇੱਕ ਨੋਟ ਛੱਡਿਆ ਹੈ।

ਇੱਕ ਅਧਿਕਾਰੀ ਨੇ ਦੱਸਿਆ ਕਿ ਪੀੜਤਾ ਵੀਰਵਾਰ ਦੇਰ ਰਾਤ ਫਲਟਨ ਦੇ ਇੱਕ ਹੋਟਲ ਦੇ ਕਮਰੇ ਵਿੱਚ ਲਟਕਦੀ ਮਿਲੀ, ਜਿਸ ਤੋਂ ਬਾਅਦ ਪੁਲੀਸ ਨੂੰ ਸੂਚਿਤ ਕੀਤਾ ਗਿਆ।

ਇੱਕ ਅਧਿਕਾਰੀ ਨੇ ਦੱਸਿਆ ਕਿ ਮ੍ਰਿਤਕ ਬੀਡ ਜ਼ਿਲ੍ਹੇ ਦੀ ਰਹਿਣ ਵਾਲੀ ਸੀ ਅਤੇ ਫਲਟਨ ਤਹਿਸੀਲ ਦੇ ਇੱਕ ਸਰਕਾਰੀ ਹਸਪਤਾਲ ਵਿੱਚ ਕੰਮ ਕਰਦੀ ਸੀ।

ਆਪਣੀ ਹਥੇਲੀ ’ਤੇ ਲਿਖੇ ਖੁਦਕੁਸ਼ੀ ਨੋਟ ਵਿੱਚ ਪੀੜਤਾ ਨੇ ਦੋਸ਼ ਲਗਾਇਆ ਹੈ ਕਿ ਪਿਛਲੇ ਪੰਜ ਮਹੀਨਿਆਂ ਦੌਰਾਨ, ਸਤਾਰਾ ਪੁਲੀਸ ਦੇ ਦੋ ਪੁਲੀਸ ਮੁਲਾਜ਼ਮਾਂ ਨੇ ਉਸ ਨਾਲ ਬਲਾਤਕਾਰ ਕੀਤਾ ਅਤੇ ਮਾਨਸਿਕ ਤੌਰ ’ਤੇ ਤਸੀਹੇ ਦਿੱਤੇ, ਜਿਸ ਕਾਰਨ ਉਸਨੇ ਖੁਦਕੁਸ਼ੀ ਕਰ ਲਈ।

ਉਸਨੇ ਲਿਖਿਆ ਕਿ ਸਬ-ਇੰਸਪੈਕਟਰ ਗੋਪਾਲ ਬਦਾਨੇ ਨੇ ਉਸ ਨਾਲ ਕਈ ਵਾਰ ਬਲਾਤਕਾਰ ਅਤੇ ਜਿਨਸੀ ਸ਼ੋਸ਼ਣ ਕੀਤਾ ਅਤੇ ਇੱਕ ਹੋਰ ਪੁਲੀਸ ਕਰਮਚਾਰੀ, ਪ੍ਰਸ਼ਾਂਤ ਬਾਂਕਰ, ਨੇ ਵੀ ਉਸਨੂੰ ਮਾਨਸਿਕ ਤੌਰ ’ਤੇ ਪਰੇਸ਼ਾਨ ਕੀਤਾ।

ਇਸ ਦੌਰਾਨ ਮਹਾਰਾਸ਼ਟਰ ਮਹਿਲਾ ਕਮਿਸ਼ਨ ਦੀ ਮੁਖੀ ਰੂਪਾਲੀ ਚਾਕਾਂਕਰ ਨੇ ਕਿਹਾ, “ਅਸੀਂ ਮਾਮਲੇ ਦਾ ਨੋਟਿਸ ਲਿਆ ਹੈ ਅਤੇ ਸਤਾਰਾ ਪੁਲੀਸ ਨੂੰ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ। ਦੋਸ਼ੀਆਂ ਦੀ ਭਾਲ ਲਈ ਟੀਮਾਂ ਤਾਇਨਾਤ ਕਰ ਦਿੱਤੀਆਂ ਗਈਆਂ ਹਨ। ਇਸ ਮੰਦਭਾਗੀ ਘਟਨਾ ਵਿੱਚ ਸ਼ਾਮਲ ਲੋਕਾਂ ਨੂੰ ਬਖਸ਼ਿਆ ਨਹੀਂ ਜਾਵੇਗਾ।”

# ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਬੁੱਢਾ ਦਰਿਆ ਪੁਨਰ ਸੁਰਜੀਤੀ ਪ੍ਰੋਜੈਕਟ ਦੀ ਸਮੀਖਿਆ ਕੀਤਾ

"Equality and justice"
Patiala 24 October
INTERNATIONAL PAPER, 94636 01616
hardipchumber57@gmail.com

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਸ਼ੁੱਕਰਵਾਰ ਨੂੰ ਬੁੱਢਾ ਦਰਿਆ ਪੁਨਰ ਸੁਰਜੀਤੀ ਪ੍ਰੋਜੈਕਟ ਦੀ ਸਮੀਖਿਆ ਕਰਨ ਲਈ ਲੁਧਿਆਣਾ ਦਾ ਦੌਰਾ ਕੀਤਾ।

ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਹੋਰ ਮੁੱਖ ਅਧਿਕਾਰੀਆਂ ਦੇ ਨਾਲ ਉਨ੍ਹਾਂ ਨੇ ਪ੍ਰਗਤੀ ਦਾ ਮੁਲਾਂਕਣ ਕੀਤਾ ਅਤੇ ਨਗਰ ਨਿਗਮ ਲੁਧਿਆਣਾ, ਪੇਂਡੂ ਵਿਕਾਸ ਅਤੇ ਪੰਚਾਇਤਾਂ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ.ਪੀ.ਸੀ.ਬੀ), ਸਿੰਚਾਈ ਵਿਭਾਗ, ਸੀਵਰੇਜ ਬੋਰਡ ਅਤੇ ਹੋਰ ਏਜੰਸੀਆਂ ਦੇ ਪ੍ਰਤੀਨਿਧੀਆਂ ਨਾਲ ਵਿਚਾਰ-ਵਟਾਂਦਰਾ ਕੀਤਾ।

ਮੀਟਿੰਗ ਵਿੱਚ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ, ਪ੍ਰਮੁੱਖ ਸਕੱਤਰ ਵਿਵੇਕ ਪ੍ਰਤਾਪ ਸਿੰਘ, ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਅਤੇ ਨਗਰ ਨਿਗਮ ਕਮਿਸ਼ਨਰ ਆਦਿੱਤਿਆ ਡਚਲਵਾਲ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ।

"Equality and justice"
Patiala 24 October
INTERNATIONAL PAPER, 94636 01616
hardipchumber57@gmail.com

# ਸਪਤਾਹਿਕ 'ਉਜਾਲਾ' (ਉਰਦੂ), ਬਕੌਲ ਸੰਪਾਦਕ : ਕੇ. ਸੀ. ਸੁਲੇਖ

Baljinder Singh Graphic Desinger
+91-92167-29598
E-mail : akashdeep.1064@gmail.com

ਜਦ ਅਸੀਂ 1947 ਦੇ ਬਾਅਦ ਪੰਜਾਬ ਵਿੱਚ ਅੰਬੇਡਕਰੀ ਅੰਦੋਲਨ/ਲਹਿਰ ਦੀ ਗੱਲ ਕਰਦੇ ਹਾਂ, ਉਸ ਦੇ ਪ੍ਰਚਾਰ ਦੀ ਮੁਹਿੰਮ ਵਿੱਚ ਸਭ ਤੋਂ ਵੱਧ ਸਰਗਰਮ ਭੂਮਿਕਾ ਨਿਭਾਉਣ ਵਾਲੀ ਸਪਤਾਹਿਕ ਪਤ੍ਰਿਕਾ 'ਉਜਾਲਾ' ਦਾ ਜ਼ਿਕਰ ਬਹੁਤ ਜ਼ਰੂਰੀ ਬਣ ਜਾਂਦਾ ਹੈ ਜਿਸਨੂੰ ਸਥਾਪਤ ਕਰਨ ਅਤੇ ਬਾਅਦ ਵਿੱਚ ਚੱਲਦਾ ਰੱਖਣ ਵਿੱਚ ਬੂਟਾ ਮੰਡੀ ਦੇ ਕਰਤਾਰਾ ਰਾਮ ਮਡਹਾਸ ਨੂੰ ਯਸ਼ (ਮਾਣ) ਜਾਂਦਾ ਹੈ। ਉਹ ਬਾਬਾ ਸਾਹਿਬ ਦੇ ਮਿਸ਼ਨ ਪ੍ਰਤੀ ਸੱਚੀ ਲਗਨ ਵਾਲੇ ਸਾਦਗੀ ਪਸੰਦ ਨਿਸ਼ਠਾਵਾਨ ਵਿਅਕਤੀ ਸਨ, ਆਮਦਨੀ ਦੇ ਸਾਧਨ ਸੀਮਤ ਹੁੰਦੇ ਹੋਏ ਵੀ ਖਰਚਾ ਕਰਨ ਵਿੱਚ ਕਦੇ ਨਹੀਂ ਸਨ ਹਿਚਕਿਚਾਉਂਦੇ। ਪਤ੍ਰਿਕਾ ਦੇ ਸੰਪਾਦਨ ਦੀ ਜ਼ੁੰਮੇਵਾਰੀ ਮੈਨੂੰ (ਕੇ. ਸੀ. ਸੁਲੇਖ) ਸੌਂਪੀ ਗਈ। ਇਕ ਪਾਸੇ ਕਾਲਜ ਵਿੱਚ ਬੀ.ਏ. ਦੀ ਪੜ੍ਹਾਈ ਉੱਪਰ ਤੇ ਪਾਰਟੀ (ਸ਼ਡਿਊਲਡ ਕਾਸਟਸ ਫੈਡਰੇਸ਼ਨ) ਦਾ ਕੰਮ ਅਤੇ ਸਾਥ-ਸਾਥ ਅਖ਼ਬਾਰ ਲਈ ਲਿਖਣਾ ਆਪਣੇ ਆਪ ਵਿਚ ਬਹੁਤ ਕਠਿਨ ਮੁਸ਼ਕਿਲ ਪ੍ਰਯੋਜਨ ਸੀ ਲੇਕਿਨ ਕੋਈ ਅਣਡਿੱਠੀ ਤਾਕਤ ਅਜਿਹੀ ਸੀ ਜੋ ਇਹ ਕਠਿਨ ਕੰਮ ਖੁਸ਼ੀ ਖੁਸ਼ੀ ਕਰਨ ਲਈ ਪ੍ਰੇਰਿਤ ਕਰਦੀ ਰਹੀ। ਉਹ ਸੀ ਬਾਬਾ ਸਾਹਿਬ ਦੀ ਲਲਕਾਰ ਦੀ ਗੂੰਜ। ਉਜਾਲਾ ਉਸ ਵੇਲੇ ਦੀ ਪ੍ਰਚਲਿਤ ਭਾਸ਼ਾ ਉਰਦੂ ਵਿੱਚ ਛਾਪਿਆ ਜਾਂਦਾ ਸੀ ਅਤੇ ਬਾਅਦ ਵਿੱਚ ਕੁਝ ਪੰਜਾਬੀ ਵਿੱਚ ਵੀ ਅੰਕ ਛਪੇ। ਇਸ ਪਤ੍ਰਿਕਾ ਤੋਂ (ਆਦਿ ਡੰਕਾ) ਸਪਤਾਹਿਕ ਉਰਦੂ ਤੇ. ਪਹਿਲਾਂ ਪੰਜਾਬ ਵਿੱਚ ਦਲਿਤ ਸ਼ੋਸ਼ਿਤ ਵਰਗਾਂ ਦਾ ਸਰਬਜਨਿਕ ਰੂਪ ਵਿੱਚ ਦਲਿਤ ਸਮੱਸਿਆਵਾਂ ਦੀ ਗੱਲ ਕਰਨ ਵਾਲਾ ਕੋਈ ਸਾਧਨ ਜਾਂ ਮੰਚ ਨਹੀਂ ਸੀ ਕਿ ਆਪਣੀਆਂ ਸਮੱਸਿਆਵਾਂ ਬਾਰੇ ਖੁਦ ਵਿਚਾਰ ਵਟਾਂਦਰਾ ਹੋ ਸਕੇ ਜਾਂ ਉਨ੍ਹਾਂ ਨੂੰ ਸਰਕਾਰ ਦੇ ਕੰਨਾਂ ਤੱਕ ਪਹੁੰਚਾਇਆ ਜਾ ਸਕੇ। ਹੁਣ ਤੱਕ ਪਾਰਟੀ ਦੇ ਪ੍ਰਚਾਰ ਪ੍ਰਸਾਰ ਦਾ ਸਾਰਾ ਕੰਮ ਛੋਟੇ ਬੜੇ ਇਸ਼ਤਿਹਾਰਾਂ ਜਾਂ ਟ੍ਰੈਕਟਾਂ ਰਾਹੀਂ ਹੀ ਕੀਤਾ ਜਾਂਦਾ ਸੀ ਜੋ ਤੇਜ਼ੀ ਨਾਲ ਬਦਲਦੇ ਅਤੇ ਬਹੁਤ ਵਧ ਚੁੱਕੀ ਜ਼ਰੂਰਤ ਦੇ ਮੁਕਾਬਲੇ ਵਿੱਚ ਬਹੁਤ ਨਾਕਾਫ਼ੀ ਸੀ। ਇਸ ਖਲਾਅ ਦੀ ਜਿਸ ਖ਼ੂਬਸੂਰਤੀ ਨਾਲ ਇਸ ਪਤ੍ਰਿਕਾ ਨੇ ਭਰਪਾਈ ਕੀਤੀ ਅਤੇ ਜਿਸ ਦਲੇਰੀ ਅਤੇ ਬਿਨਾਂ ਡਰ ਨਾਲ ਦਲਿਤ ਵਰਗ ਦੀ ਆਵਾਜ਼ ਬੁਲੰਦ ਕੀਤੀ, ਉਹ ਲੋਕਾਂ ਦੇ ਮਨ ਮਸਤਕ ਤੇ ਹਾਲੇ ਤੱਕ ਅੰਕਿਤ ਹੈ। ਤਾਲਾਬ ਵਿੱਚ ਪਾਣੀ ਜੇ ਕੁੱਝ ਚਿਰ ਖੜ੍ਹਾ ਰਹੇ ਉਸ ਵਿੱਚ ਮੱਛਰ, ਮੱਖੀਆਂ ਅਤੇ ਤਰ੍ਹਾਂ-ਤਰ੍ਹਾਂ ਦੇ ਕੀੜੇ ਪੈਦਾ ਹੋ ਕੇ ਵਾਤਾਵਰਣ ਨੂੰ ਪ੍ਰਦੂਸ਼ਿਤ ਕਰ ਦਿੰਦੇ ਹਨ। ਰਾਤ ਨੂੰ ਚੋਰ, ਲੁਟੇਰੇ ਅਤੇ ਹੋਰ ਅਪਰਾਧੀ ਹਨੇਰੇ ਦਾ ਫਾਇਦਾ ਉਠਾਉਂਦੇ ਹੋਏ ਲੋਕਾਂ ਦੀ ਜਾਨ ਮਾਲ ਇੱਜ਼ਤ ਨਾਲ ਖੇਡਦੇ ਹਨ। ਹਨੇਰੇ ਵਿੱਚ ਹੀ ਉੱਲੂ ਚਮਗਿੱਦੜ ਅਚੇਤ ਕੀੜੇ ਮਕੌੜਿਆਂ ਨੂੰ ਮਾਰ ਕੇ ਆਪਣਾ ਢਿੱਡ ਭਰ ਲੈਂਦੇ ਨੇ। 'ਉਜਾਲਾ' ਦੇ ਜ਼ੋਰਦਾਰ ਹਮਲਿਆਂ ਨੇ ਜਿੱਥੇ ਖੜ੍ਹੇ ਪਾਣੀਆਂ ਵਿੱਚ ਹਲਚਲ ਪੈਦਾ ਕੀਤੀ, ਉੱਥੇ ਹਨੇਰੇ (ਅਗਿਆਨਤਾ) ਦਾ ਲਾਭ ਉਠਾਉਣ ਵਾਲੇ ਠੱਗਾਂ, ਲੁਟੇਰਿਆਂ ਅਤੇ ਚਮਗਿੱਦੜਾਂ ਨੂੰ ਵੀ ਭਾਜੜਾਂ ਪੁਆ ਦਿੱਤੀਆਂ। ਅੰਬੇਡਕਰੀ ਵਿਚਾਰਾਂ ਦੀ ਬੁਛਾੜ ਨਾਲ ਦਲਿਤ ਚੇਤਨਾਂ ਦਾ ਨਵਾਂ ਯੁੱਗ ਸ਼ੁਰੂ ਹੋ ਗਿਆ। 'ਉਜਾਲਾ' (ਕੇ.ਸੀ. ਸੁਲੇਖ) ਦੇ ਲੇਖਾਂ ਅਤੇ ਇਸ ਦੁਆਰਾ ਨਿਭਾਈ ਗਈ ਭੂਮਿਕਾ ਤੋਂ ਪ੍ਰਭਾਵਿਤ ਹੋ ਕੇ ਹੀ ਉਸ ਸਮੇਂ ਦੇ ਲੋਕ ਕਵੀ ਮਿਹਰ ਚੰਦ 'ਮਿਹਰ' ਨੇ 'ਉਜਾਲਾ' ਉੱਤੇ ਦੋ ਨਜ਼ਮਾਂ ਇੱਕ ਪੰਜਾਬੀ ਐਡੀਸ਼ਨ ਅਤੇ ਦੂਜੀ ਉਰਦੂ ਐਡੀਸ਼ਨ ਲਈ ਲਿਖੀਆਂ।

ਪੰਜਾਬੀ ਨਜ਼ਮ ਦੇ ਪਹਿਲੇ ਬੋਲ ਸਨ :

ਹੋਇਆ ਉਜਾਲਾ, ਗਿਆ ਹਨੇਰਾ ਸਭ ਕੁੱਝ ਲੱਗਾ ਨਜ਼ਰੀਂ ਆਉਣ।

ਉਰਦੂ ਨਜ਼ਮ ਦੀਆਂ ਲਾਈਨਾਂ ਸਨ :

ਮਾਹ1-ਓ-ਮਿਹ2-ਓ-ਮੁਸ਼ਤਰੀ3 ਸੇ ਭੀ ਮੇਰਾ ਕਾਮ ਨਿਰਾਲਾ ਹੈ,

ਭੂਲੇ ਭਟਕੇ ਰਾਹ ਦੇਖੇਂਗੇ ਮੇਰਾ ਨਾਮ ਉਜਾਲਾ ਹੈ।

(1. ਚੰਦ, 2. ਸੂਰਜ, 3. ਬ੍ਰਹਸਪਤੀ)

ਅਤੇ ਇਸ ਨਜ਼ਮ ਦਾ ਦੂਜਾ ਸ਼ਿਅਰ 'ਭੂਲੇ ਭਟਕੇ ਰਾਹ ਦੇਖੇਂਗੇ ਮੇਰਾ ਨਾਮ ਉਜਾਲਾ ਹੈ' ਸਦਾ ਲਈ ਉਜਾਲਾ ਦੇ ਮੱਥੇ ਦਾ ਸ਼ਿੰਗਾਰ ਬਣ ਗਿਆ।

ਉਸ ਵੇਲੇ ਦੀ ਕਾਂਗਰਸੀ ਸਰਕਾਰ ਅਤੇ ਉਸ ਦੇ 'ਜੀ ਹਜ਼ੂਰੀ' ਹਰੀਜਨ ਮੰਤਰੀਆਂ ਦੇ ਦਲਿਤ ਵਿਰੋਧੀ ਰੋਲ ਤੇ ਟਿੱਪਣੀ ਕਰਨ ਵਿੱਚ ਉਜਾਲਾ ਕਦੇ ਪਿੱਛੇ ਨਹੀਂ ਹਟਿਆ। ਗਾਂਧੀ ਬਾਰੇ ਲਿਖੇ ਗਏ ਲੇਖ ਤੇ ਮੈਨੂੰ ਐਡੀਸ਼ਨਲ ਜ਼ਿਲ੍ਹਾ ਮੈਜਿਸਟ੍ਰੇਟ ਅੱਗੇ ਸਫਾਈ ਵੀ ਦੇਣੀ ਪਈ ਸੀ। ਪਤ੍ਰਿਕਾ ਇਕ ਹੀ ਸਮੇਂ ਨੌਜਵਾਨਾਂ, ਵਿਦਿਆਰਥੀਆਂ, ਮਜ਼ਦੂਰਾਂ, ਸ਼ੋਸ਼ਿਤਾਂ, ਦਲਿਤ ਸਰਕਾਰੀ ਕਰਮਚਾਰੀਆਂ ਦਾ ਪ੍ਰਵਕਤਾ ਬਣ ਗਿਆ। ਦਿੱਲੀ ਦੇ ਬਾਬਾ ਸਾਹਿਬ ਦੀ ਛਤਰ ਛਾਇਆ ਹੇਠ ਕੰਮ ਕਰ ਰਹੇ ਸਰਕਾਰੀ ਕਰਮਚਾਰੀਆਂ ਅਤੇ ਅਫਸਰਾਂ ਦੇ ਸੰਗਠਨ ਵੱਲੋਂ ਜ਼ੋਰਦਾਰ ਸਮਰਥਨ ਮਿਲਣ ਨਾਲ ਪਤ੍ਰਿਕਾ ਹੋਰ ਮਜ਼ਬੂਤ ਹੋ ਗਈ। ਦਿੱਲੀ ਵਾਲੇ ਦੋਸਤਾਂ ਨੇ ਦੱਸਿਆ ਕਿ ਬਾਬਾ ਸਾਹਿਬ ਇਸ ਪੇਪਰ 'ਚ ਛਪੇ ਲੇਖਾਂ ਅਤੇ ਰਿਪੋਰਟਾਂ ਨੂੰ ਪੂਰੇ ਧਿਆਨ ਨਾਲ ਸੁਣਦੇ ਸਨ।

ਉਜਾਲਾ ਇੱਕ ਹੱਸਦੀ ਗਾਉਂਦੀ ਮਹਿਫਲ

ਇਸ ਪਤ੍ਰਿਕਾ ਦੀ ਸਭ ਤੋਂ ਵੱਡੀ ਪ੍ਰਾਪਤੀ ਜਨਤਾ ਦੇ ਮਨ ਵਿੱਚ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਚੇਤਨਾ ਜਾਗਰਿਤ ਕਰਨ ਦੇ ਨਾਲ ਨਾਲ ਇਸ ਸਮਾਜ ਵਿਚੋਂ ਅਜਿਹੇ ਲੇਖਕਾਂ, ਕਵੀਆਂ ਅਤੇ ਹਰ ਪ੍ਰਕਾਰ ਦੇ ਸਾਹਿਤਕਾਰਾਂ ਨੂੰ ਢੂੰਡ ਕੇ ਅੱਗੇ ਲਿਆਉਣਾ ਸੀ ਜਿਨ੍ਹਾਂ ਵਿਚ ਰੁਚੀ ਅਤੇ ਯੋਗਤਾ ਤਾਂ ਸੀ ਲੇਕਿਨ ਲੋੜੀਂਦਾ ਮੰਚ ਉਪਲਬਧ ਨਾ ਹੋਣ ਕਾਰਨ ਉਸ ਤੋਂ ਲਾਭ ਨਹੀਂ ਉਠਾਇਆ ਜਾ ਸਕਦਾ ਸੀ। ਜਿੱਥੇ ਇਸ ਪਤ੍ਰਿਕਾ ਨੇ ਬਹੁਤ ਪੁਰਾਣੇ ਕਲਮਕਾਰਾਂ ਨੂੰ ਇਕੱਠਾ ਕੀਤਾ ਸੀ ਉੱਥੇ ਇਸ ਮੈਦਾਨ ਵਿੱਚ ਨਵੇਂ ਖੂਨ ਨੂੰ ਦਾਖਿਲ ਹੋਣ ਦਾ ਮੌਕਾ ਵੀ ਪ੍ਰਦਾਨ ਕੀਤਾ। ਇਸ ਤਰ੍ਹਾਂ ਹੌਲੇ-ਹੌਲੇ ਉਜਾਲਾ ਦੀ ਲੋਅ ਦੇ ਇਰਦ ਗਿਰਦ ਇਕੱਠਾ ਹੋਣ ਵਾਲੇ ਸਾਹਿਤ ਪ੍ਰੇਮੀਆਂ ਦੀ ਇੱਕ ਹੱਸਦੀ ਗਾਉਂਦੀ ਮਹਿਫਲ ਬਣ ਗਈ।

ਸੋਹਣ ਲਾਲ ਸ਼ਾਸਤਰੀ, ਜੋ ਇੱਕ ਪੁਰਾਣੇ ਤਜਰਬਾਕਾਰ ਵਿਦਵਾਨ ਲੇਖਕ ਸਨ (ਦੇਹਾਂਤ 30 ਸਤੰਬਰ 1995) ਉਹ ਬਾਬਾ ਸਾਹਿਬ ਦੇ ਬਹੁਤ ਕਰੀਬੀ ਵਿਸ਼ਵਾਸ ਪਾਤਰ ਰਹੇ ਹਨ। ਉਜਾਲਾ ਦਾ ਪ੍ਰਵੇਸ਼ ਅੰਕ (14 ਅਪ੍ਰੈਲ 1948) ਛਪਣ ਉਪਰੰਤ ਸਭ ਤੋਂ ਪਹਿਲਾਂ ਮੈਨੂੰ ਉਨ੍ਹਾਂ ਦਾ ਪ੍ਰਸ਼ੰਸਾ ਪੱਤਰ ਮਿਲਿਆ ਜਿਸ ਵਿੱਚ ਉਨ੍ਹਾਂ ਨੇ ਲਿਖਿਆ ਕਿ ਪਤ੍ਰਿਕਾ ਵਿੱਚ ਲਿਖੇ ਮੇਰੇ ਲੇਖ ਸਹਾਫ਼ਤ (ਪੱਤਰ ਕਾਰਤਾ) ਦੇ ਮਿਆਰ ਤੇ ਸੋਲਾਂ ਆਨੇ (ਸੌਫੀਸਦੀ) ਪੂਰਾ ਉਤਰਦੇ ਹਨ। ਇਸ ਖ਼ਤ ਨੇ ਮੈਨੂੰ ਹੌਸਲਾ ਤਾਂ ਦਿੱਤਾ ਹੀ, ਇਸ ਨੇ ਮੇਰੇ ਅੰਦਰ ਆਤਮ ਵਿਸ਼ਵਾਸ ਦਾ ਇਕ ਨਵਾਂ ਜੋਸ਼ ਭਰ ਦਿੱਤਾ। ਸ਼ਾਸਤਰੀ ਜੀ ਨੂੰ ਛੱਡ ਕੇ ਹੋਰ ਸਭ ਕਰੀਬ ਕਰੀਬ ਨਵੇਂ ਹੀ ਸਨ, ਉਨ੍ਹਾਂ ਵਿਚੋਂ ਸਭ ਤੋਂ ਵੱਧ ਜ਼ਿਕਰਯੋਗ ਨਾਮ ਲੇਖਕ ਸ੍ਰੀ ਐਲ.ਆਰ. ਬਾਲੀ ਦਾ ਸੀ ਜੋ ਉਸ ਸਮੇਂ ਸਰਕਾਰੀ ਨੌਕਰੀ 'ਚ ਹੋਣ ਕਾਰਨ ਆਪਣੇ ਲੇਖ 'ਅਮਰ ਨਵਾਂ ਸ਼ਹਿਰੀ' ਦੇ ਨਾਮ ਹੇਠ ਲਿਖਦੇ ਸਨ। ਸੂਰਜ ਭਾਨ ਉਨ੍ਹਾਂ ਦਿਨਾਂ ਵਿੱਚ (1948) ਅੰਬਾਲਾ ਦੇ ਇੱਕ ਕਾਲਜ 'ਚ ਬੀ.ਏ. ਦੇ ਵਿਦਿਆਰਥੀ ਹੀ ਸਨ। ਉਨ੍ਹਾਂ ਵਿੱਚ ਸਮਾਜ ਸੇਵਾ ਤੇ ਲਿਖਣ ਦੀ ਰੁਚੀ ਕੁੱਟ ਕੁੱਟ ਕੇ ਭਰੀ ਹੋਈ ਸੀ। ਉਹ ਪਹਿਲੇ ਹੀ ਦਿਨ ਤੋਂ ਉਜਾਲਾ ਦੇ ਦੀਵਾਨੇ ਹੋ ਗਏ ਅਤੇ ਲਗਾਤਾਰ ਲਿਖਦੇ ਰਹੇ। ਲੇਖ ਵੀ, ਕਵਿਤਾਵਾਂ ਵੀ, ਉਨ੍ਹਾਂ ਦੀ ਲਿਖੀ ਕਵਿਤਾ (ਜੋ ਉਜਾਲਾ ਵਿੱਚ ਛਾਪੀ ਗਈ ਸੀ)। 'ਬਨ ਕੇ ਸੂਰਜ ਚਮਕ ਉੱਠੇ ਹਿੰਦ ਮੇਂ ਅੰਬੇਡਕਰ' ਬਹੁਤ ਲੋਕਾਂ ਨੂੰ ਹਾਲੇ ਤੱਕ ਯਾਦ ਹੈ। ਉਨ੍ਹਾਂ ਦੇ ਲੇਖਾਂ ਦਾ ਨਸ਼ਤਰ ਹਮੇਸ਼ਾ ਹਿੰਦੂ ਸ਼ਾਸਤਰਾਂ ਦੇ ਗੈਰ ਮਨੁੱਖੀ ਆਦੇਸ਼ਾਂ, ਨਿਰਦੇਸ਼ਾਂ ਦੇ ਖ਼ਿਲਾਫ ਹੀ ਚੱਲਿਆ ਭਾਵੇਂ ਉਹ ਸਰਕਾਰੀ ਨੌਕਰੀ ਤੋਂ ਬਾਅਦ ਹਿੰਦੂ ਸਭਿਅਤਾ ਦੀ ਧਾਰਨੀ ਰਾਜਨੀਤਿਕ ਸੰਸਥਾ ਭਾਜਪਾ 'ਚ ਸ਼ਾਮਲ ਹੋ ਕੇ ਐਮ. ਪੀ., ਦੇਵੀ ਲਾਲ ਮੰਤਰੀ ਮੰਡਲ ਵਿੱਚ ਮੰਤਰੀ, ਕੇਂਦਰੀ ਸਰਕਾਰ ਦੇ ਖੇਤੀਬਾੜੀ ਮੰਤਰੀ, ਡਿਪਟੀ ਸਪੀਕਰ, ਉੱਤਰ ਪ੍ਰਦੇਸ਼ ਅਤੇ ਹਿਮਾਚਲ ਪ੍ਰਦੇਸ਼ ਦੇ ਗਵਰਨਰ ਅਤੇ ਅਖੀਰ ਵਿੱਚ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਬਣੇ (ਦਿਵੰਗਤ)। ਉਹ ਰਾਜਨੀਤਿਕ ਪੱਧਰ ਤੇ ਬੀ.ਜੇ.ਪੀ. ਦੇ ਪਾਰਟੀ ਮੈਂਬਰ ਸਨ ਲੇਕਿਨ ਵਿਚਾਰਧਾਰਿਕ ਰੂਪ ਵਿੱਚ ਅੰਬੇਡਕਰੀ ਸਨ। ਉਨ੍ਹਾਂ ਨੇ ਬੜੇ ਬੜੇ ਸੰਮੇਲਨਾਂ ਅਤੇ ਸੈਮੀਨਾਰਾਂ ਵਿੱਚ ਮੇਰੀ ਮੌਜੂਦਗੀ ਵਿੱਚ ਖੁੱਲ੍ਹ ਕੇ ਸਵੀਕਾਰ ਕੀਤਾ ਕਿ ਉਨ੍ਹਾਂ ਨੂੰ ਰਾਜਨੀਤੀ ਵਿਚ ਦਾਖ਼ਿਲ ਹੋਣ ਦੀ ਪ੍ਰੇਰਨਾ ਖਾਸ ਤੌਰ 'ਤੇ 'ਉਜਾਲਾ' ਤੋਂ ਹੀ ਮਿਲੀ।



'ਉਜਾਲਾ' ਦੀ ਲੇਖਕ ਮੰਡਲੀ ਦੇ ਇੱਕ ਹੋਰ ਮੈਂਬਰ ਉੱਘੇ ਚਿੰਤਕ ਅਤੇ ਲੇਖਕ ਸ੍ਰੀ ਡੀ.ਸੀ. ਅਹੀਰ ਸਨ ਜੋ ਕੇਂਦਰੀ ਸਰਕਾਰ ਦੀ ਟਾਂਸਪੋਰਟ ਮਿਨਿਸਟਰੀ ਵਿਚੋਂ ਡਾਇਰੈਕਟਰ ਦੇ ਪਦ ਤੋਂ 1986 ਵਿੱਚ ਰਿਟਾਇਰ ਹੋ ਕੇ ਅੰਤਿਮ ਸਮੇਂ ਤੱਕ ਬੁੱਧ, ਅੰਬੇਡਕਰ ਅਤੇ ਸੰਵਿਧਾਨ ਸੰਬੰਧੀ ਵਿਸ਼ਿਆਂ 'ਤੇ ਵਡਮੁੱਲਾ ਸਾਹਿਤ ਲਿਖਣ 'ਚ ਰੁੱਝੇ ਰਹੇ। ਸ਼ੁਰੂਆਤੀ ਦੌਰ ਵਿੱਚ ਉਹ ਲੇਖ ਅਤੇ ਕਵਿਤਾਵਾਂ ਦੀਵਾਨ ਚੰਦ ਅਹੀਰ ਦੇ ਨਾਮ ਨਾਲ ਛਪਵਾਉਂਦੇ ਸਨ (ਦੇਹਾਂਤ 12 ਜੁਲਾਈ 2012)। ਦਿੱਲੀ ਤੋਂ ਦਯਾ ਕ੍ਰਿਸ਼ਨ ਹਾਂਡਾ ਜੋ ਰੇਲਵੇ ਵਿਭਾਗ ਵਿੱਚ ਇਕ ਉੱਚੇ ਅਹੁਦੇ ਤੋਂ ਰਿਟਾਇਰ ਹੋਏ, ਇਸਮਾਈਲਾ, ਜ਼ਿਲਾ ਰੋਹਤਕ ਦੇ ਰਾਮ ਪਤ ਚੌਧਰੀ (ਬਾਅਦ ਵਿੱਚ 'ਸਿਧਾਰਥ') ਜੋ ਲਿਖਣ ਦੇ ਨਾਲ ਨਾਲ ਇਲਾਕੇ ਦੇ ਰੀਪਬਲੀਕਨ ਪਾਰਟੀ ਦੇ ਲੀਡਰ ਸਨ ਅਤੇ ਐਸ.ਸੀ. ਢੇਸੀਵਾਲ, ਆਈ.ਏ.ਐਸ. ਵੀ (ਉਜਾਲਾ) ਦੀ ਫੁਲਵਾੜੀ ਨੂੰ ਮਹਿਕਾਉਣ ਵਾਲੇ ਦੂਜੇ ਸਿਰਕੱਢ ਲੇਖਕ ਸਨ। ਜਦ ਕਦੀ ਕਿਸੇ ਫੰਕਸ਼ਨ 'ਤੇ ਇਕੱਠੇ ਹੋਣ ਦਾ ਮੌਕਾ ਮਿਲਦਾ ਹੈ ਜਾਂ ਖ਼ਤੋ-ਕਿਤਾਬਤ ਰਾਹੀਂ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰਕੇ ਖ਼ੂਬ ਆਨੰਦ ਲੈਂਦੇ। ਰਾਮ ਪਤ ਸਿਧਾਰਥ ਕੁਝ ਸਾਲ ਪਹਿਲਾਂ ਸਾਥੋਂ ਵਿੱਛੜ ਗਏ। ਉਨ੍ਹਾਂ ਵੱਲੋਂ ਡਾਕ ਦੁਆਰਾ ਪ੍ਰਾਪਤ ਲਿਖਤਾਂ ਕਾਗਜ਼ ਪੱਤਰਾਂ ਨੂੰ ਕੁਝ ਕਿਤਾਬਾਂ ਵਿੱਚ ਉਚਿਤ ਜਗ੍ਹਾ ਦਿੱਤੀ ਗਈ। ਆਰ.ਸੀ.ਪਾਲ (ਐਡਵੋਕੇਟ ਜੋ ਉਹਨੀਂ ਦਿਨੀਂ ਜਲੰਧਰ ਕਾਲਜ ਵਿੱਚ ਨਵਾਂ-ਨਵਾਂ) ਦਾਖਲ ਸੀ, ਪਤ੍ਰਿਕਾ ਦੀ ਕਾਫੀ ਮਦਦ ਕਰਦੇ ਰਹੇ।

'ਉਜਾਲਾ' ਦੇ ਤਿੱਖੇ ਹਮਲਿਆਂ ਦਾ ਨਿਸ਼ਾਨਾ ਆਮ ਕਰਕੇ ਉਸ ਸਮੇਂ ਦੇ ਅਨੁਸੂਚਿਤ ਜਾਤੀਏ ਮੰਤਰੀ ਅਤੇ ਨੇਤਾ ਹੀ ਹੋਇਆ ਕਰਦੇ ਸਨ ਜਿਨ੍ਹਾਂ ਦਾ ਕੰਮ ਡਾ. ਅੰਬੇਡਕਰ ਦੀ ਵਿਰੋਧਤਾ ਕਰਕੇ ਪੰਜਾਬ ਵਿੱਚ ਅੰਬੇਡਕਰੀ ਲਹਿਰ ਦੇ ਦਿਨ ਪ੍ਰਤੀ ਦਿਨ ਵਧ ਰਹੇ ਪ੍ਰਭਾਵ ਨੂੰ ਰੋਕਣਾ ਹੁੰਦਾ ਸੀ। ਉਨ੍ਹਾਂ ਦਾ ਜਨਮ ਪੱਖੋਂ ਸੰਬੰਧ ਦਲਿਤ ਜਾਤੀਆਂ ਨਾਲ ਸੀ ਲੇਕਿਨ ਦਿਲ ਅਤੇ ਦਿਮਾਗ ਟਿਕਟਾਂ ਅਤੇ ਵਜ਼ੀਰੀਆਂ ਬਦਲੇ ਆਪਣੇ ਅੰਨਦਾਤਿਆਂ ਕੋਲ ਗਿਰਵੀ ਰੱਖੇ ਹੋਏ ਸਨ। ਉਸ ਵੇਲੇ ਦੀ ਮੂੰਹ-ਜ਼ੋਰ ਮਹਾਸ਼ਾ ਪ੍ਰੈਸ ਵਿੱਚ ਡਾ. ਅੰਬੇਡਕਰ ਦੀ ਵਿਰੋਧਤਾ ਵਿੱਚ ਮੋਟੇ ਮੋਟੇ ਬਿਆਨ ਤਾਂ ਇਨ੍ਹਾਂ 'ਹਰੀਜਨ' ਮੰਤਰੀਆਂ ਦੇ ਨਾਮ ਨਾਲ ਛਪਦੇ ਲੇਕਿਨ ਲਿਖਣ ਵਾਲੀ ਕਲਮ ਕਿਸੇ ਹੋਰ ਦੀ ਹੀ ਹੁੰਦੀ। ਪ੍ਰਿਥਵੀ ਸਿੰਘ ਆਜ਼ਾਦ, ਮਾ. ਗੁਰਬੰਤਾ ਸਿੰਘ, ਪ੍ਰੋ. ਜਸਬੰਤ ਰਾਏ, ਮਾ. ਸਾਧੂਰਾਮ ਅਤੇ ਇਕ ਫ਼ਰਜ਼ੀ ਆਲ ਇੰਡੀਆ ਹਰੀਜਨ ਲੀਗ ਦੇ 'ਪ੍ਰਧਾਨ' ਭਗਤ ਅਮੀ ਚੰਦ ਸਾਡੀ ਵਿਸ਼ੇਸ਼ ਆਲੋਚਨਾਤਮਕ ਚਰਚਾ ਦੇ ਮੁੱਖ ਨਿਸ਼ਾਨੇ ਸਨ। ਅੱਧੀ ਸਦੀ ਤੋਂ ਉੱਪਰ ਸਮਾਂ ਗੁਜ਼ਰ ਜਾਣ ਉਪਰੰਤ ਨਾ ਤਾਂ ਉਹ 'ਮਹਾਂਪੁਰਸ਼' ਆਪ ਜੀਵਤ ਮੌਜੂਦ ਹਨ ਅਤੇ ਨਾ ਹੀ ਉਹ ਵਿਸ਼ੇਸ਼ ਪ੍ਰਸਿਧੀਆਂ ਹਨ, ਉਨ੍ਹਾਂ ਦੇ ਦਲਿਤ ਅੰਦੋਲਨ ਦੇ ਸੰਬੰਧ ਵਿੱਚ ਨਿਭਾਏ ਗਏ ਰੋਲ ਤੇ ਵਿਸਥਾਰਪੂਰਵਕ ਟਿੱਪਣੀ ਕਰਨਾ ਔਖਾ ਵੀ ਨਹੀਂ ਅਤੇ ਨਾ ਹੀ ਫਲਦਾਇਕ ਹੈ। ਹਾਂ ਇਹ ਗੱਲ ਜ਼ਰੂਰ ਕਹੀ ਜਾ ਸਕਦੀ ਹੈ ਕਿ ਜਿਸ ਚੰਦ ਤੇ ਥੁੱਕਣ ਦੀ ਉਹ ਕੋਸ਼ਿਸ਼ ਕਰਦੇ ਰਹੇ ਉਸ ਚੰਦ ਦੀ ਰੌਸ਼ਨੀ ਮੱਧਮ ਹੋਣ ਦੀ ਬਜਾਏ ਹੋਰ ਤੇਜ਼ ਹੁੰਦੀ ਜਾ ਰਹੀ ਹੈ। ਇਨ੍ਹਾਂ ਵਿਚੋਂ ਚੌ. ਸੁੰਦਰ ਸਿੰਘ ਇਕ ਅਜਿਹੇ ਨੇਤਾ ਸਨ ਜਿਨ੍ਹਾਂ ਦੀ ਕਦੇ ਕਰੜੀ ਅਲੋਚਨਾ ਕਰਨ ਦੀ ਜ਼ਰੂਰਤ ਨਹੀਂ ਪਈ, ਉਨਾਂ ਨੇ ਕਦੇ ਵੀ ਬਾਬਾ ਸਾਹਿਬ ਬਾਰੇ ਕੋਈ ਅਪਸ਼ਬਦ ਨਹੀਂ ਬੋਲੇ। ਉਹ ਦਲਿਤ ਲੋਕਾਂ ਦੀ ਸਹਾਇਤਾ ਲਈ ਹਰ ਵੇਲੇ ਤਿਆਰ ਰਹਿੰਦੇ ਸਨ। 'ਉਜਾਲਾ' ਦਾ ਵਿਰੋਧ ਜਾਂ ਟੱਕਰ ਵਿਅਕਤੀਆਂ ਖਿਲਾਫ ਨਹੀਂ, ਸਿਧਾਂਤਾਂ ਦੀ ਕਸੌਟੀ ਤੇ ਸੀ।

'ਉਜਾਲਾ' ਨੂੰ ਬਣਾਉਣ ਸੁਆਰਨ ਅਤੇ ਰਫ਼ਤਾਰ ਦੇਣ ਵਿੱਚ ਪ੍ਰੀਤਮ ਰਾਮਦਾਸਪੁਰੀ ਦਾ ਬਹੁਤ ਬੜਾ ਹੱਥ ਹੈ। ਉਹ ਉਸ ਸਮੇਂ ਅੱਠਵੀਂ ਜਮਾਤ ਦਾ ਹੀ ਵਿਦਿਆਰਥੀ ਸੀ। ਕਹਿਣ ਨੂੰ ਤਾਂ ਉਹ ਬਹੁਤ ਉੱਚੀ ਸਿੱਖਿਆ ਪ੍ਰਾਪਤ ਨਾ ਕਰ ਸਕਿਆ ਲੇਕਿਨ ਵਿਹਾਰਿਕ ਰੂਪ ਵਿੱਚ ਸਾਹਿਤ ਵਿੱਚ ਵਿਸ਼ੇਸ਼ ਕਰ ਇੰਨੀ ਸੂਝ ਬੂਝ ਸੀ ਕਿ ਕੋਈ ਵੀ ਉਸ ਤੋਂ ਪ੍ਰਭਾਵਿਤ ਹੋਏ ਬਿਨਾ ਨਹੀਂ ਰਹਿ ਸਕਦਾ ਸੀ। ਉਰਦੂ ਸ਼ਾਇਰੀ ਨਾਲ ਉਸਨੂੰ ਖਾਸ ਲਗਾਉ ਸੀ। ਗਾਲਿਬ, ਜ਼ੌਕ, ਮੀਰ, ਇਕਬਾਲ, ਜਿਗਰ, ਕਤੀਲ, ਸਾਹਿਰ, ਅਖ਼ਤਰ ਸ਼ੀਰਾਨੀ ਆਦਿ ਉਰਦੂ ਸ਼ਾਇਰਾਂ ਦੇ ਦੀਵਾਨ (ਕਵਿਤਾਵਾਂ ਦੇ ਸੰਗ੍ਰਹਿ) ਬਹੁਤ ਤਾਂ ਜ਼ੁਬਾਨੀ ਯਾਦ ਸਨ। ਸਮੇਂ ਦੇ ਨਾਲ ਨਾਲ ਉਹ ਖੁਦ ਇੱਕ ਔਖਾ ਖਾਸਾ ਸ਼ਾਇਰ ਬਣ ਗਿਆ ਸੀ। 'ਉਜਾਲਾ' ਦੇ ਸਭ ਤੋਂ ਪਹਿਲੇ ਅੰਕ ਵਿੱਚ ਜਦ ਉਸ ਨੇ ਆਪਣੀ ਨਜ਼ਮ 'ਰੈਨ ਗਈ ਅਬ ਹੂਆ ਉਜਾਲਾ' ਛਪੀ ਦੇਖੀ ਇਸ ਨੇ ਉਸਨੂੰ ਹੋਰ ਬੁਲੰਦੀਆਂ ਵੱਲ ਲੈ ਜਾਣ ਲਈ ਹੋਰ ਹੁਲਾਰੇ ਦਾ ਕੰਮ ਕੀਤਾ। ਉਸ ਤੋਂ ਬਾਅਦ 'ਉਜਾਲਾ' ਦੇ ਹਰ ਅੰਕ ਵਿੱਚ ਨਵੀਂ ਤੋਂ ਨਵੀਂ ਨਜ਼ਮ ਛਪਦੀ ਰਹੀ। ਬਾਬਾ ਸਾਹਿਬ ਦੀ ਮਨਜ਼ੂਮ ਸਵਾਨ੍ਹੇ ਉਮਰੀ (ਕਾਵਿ ਬੱਧ ਜੀਵਨੀ) ਸ਼ੁਰੂ ਤਾਂ ਕੀਤੀ ਪਰ ਉਹ ਪੂਰੀ ਨਾ ਹੋ ਸਕੀ। ਉਹ ਇੱਕ ਬਹੁਤ ਔਖੀ ਕੋਸ਼ਿਸ਼ ਸੀ। ਇਸੇ ਤਰ੍ਹਾਂ ਬਾਬਾ ਸਾਹਿਬ ਦੇ ਦੇਹਾਂਤ ਉੱਤੇ ਜੋ ਮਰਸੀਆ (ਸ਼ੋਕਮਈ ਕਵਿਤਾ) ਲਿਖਿਆ ਉਹ ਸ਼ਾਇਰੀ ਦਾ ਲਾਜਵਾਬ ਨਮੂਨਾ ਕਿਹਾ ਜਾ ਸਕਦਾ ਹੈ। ਮੈਂ ਖੁਦ ਇਸ ਕਵਿਤਾ ਦੇ ਮਜ਼ਮੂਨ, ਬਣਾਵਟ ਅਤੇ ਪ੍ਰਸਤੁਤੀ ਦੀ ਨਿਗਰਾਨੀ ਕਰਦੇ ਹੋਏ ਲਗਾਤਾਰ ਸਲਾਹ ਦਿੰਦਾ ਰਿਹਾ ਭਾਵੇਂ ਮੈਂ ਆਪ ਕੋਈ ਕਵੀ ਨਹੀਂ ਸੀ। ਇਸ ਕਵਿਤਾ ਤੋਂ ਪ੍ਰਭਾਵਿਤ ਹੋ ਕੇ ਆਪਣੇ ਸਮੇਂ ਦੇ ਪ੍ਰਸਿੱਧ ਸੰਸਕ੍ਰਿਤ ਵਿਦਵਾਨ ਸੋਹਨ ਲਾਲ ਸ਼ਾਸਤਰੀ ਨੇ ਕਿਹਾ ਸੀ ਕਿ 'ਪ੍ਰੀਤਮ' ਦੇ ਸ਼ਿਅਰਾਂ ਨੂੰ ਪੜ੍ਹ ਕੇ ਇਉਂ ਲਗਦਾ ਹੈ ਜਿਵੇਂ ਇਹ ਕਵਿਤਾ ਖੁਦ 'ਅੱਲਾਮਾਂ ਇਕਬਾਲ' ਨੇ ਲਿਖੀ ਹੋਵੇ। ਉਰਦੂ ਫਾਰਸੀ ਸ਼ਬਦਾਂ ਨਾਲ ਭਰੀ ਪਈ ਅਤੇ ਉਰਦੂ ਫਾਰਸੀ ਸ਼ੈਲੀ 'ਚ ਲਿਖੀ ਕਵਿਤਾ ਨੂੰ ਦੇਖ ਕੇ ਸ਼ਾਸਤਰੀ ਜੀ ਦੀ ਟਿੱਪਣੀ ਵਿੱਚ ਕੁਝ ਅਤਿਕਥਨੀ ਨਹੀਂ ਜਾਪਦੀ। ਉਸਤਾਦ ਸ਼ਾਇਰ ਜਦ ਵੀ ਕਿਸੇ ਬਾਦਸ਼ਾਹ ਜਾਂ ਮਹਾਂਪੁਰਸ਼ ਨੂੰ ਸਮਰਪਿਤ ਮਰਸੀਆ ਲਿਖਦੇ ਤਾਂ ਕਵਿਤਾ ਦਾ ਆਖ਼ਰੀ ਸ਼ਿਅਰ ਇਸ ਤਰ੍ਹਾਂ ਬਣਾਉਂਦੇ ਕਿ ਉਸ ਵਿੱਚੋਂ ਸੰਬੰਧਤ ਵਿਅਕਤੀ ਦੀ ਦੇਹਾਂਤ ਦੀ ਮਿਤੀ ਸਾਲ ਦਾ ਵੀ ਪਤਾ ਲੱਗ ਜਾਂਦਾ। ਫਾਰਸੀ ਦੇ ਹਰ ਅੱਖਰ ਦਾ ਇੱਕ ਨਿਸ਼ਚਿਤ ਅੰਕ ਹੁੰਦਾ ਹੈ - 50, 100, 200, 500 ਆਦਿ। ਉਹ ਲੋਕ ਇਸ ਆਖ਼ਰੀ ਸ਼ਿਅਰ ਨੂੰ ਇਸ ਤਰ੍ਹਾਂ ਘੜਦੇ/ਤਰਾਸ਼ਦੇ ਕਿ ਉਸ ਵਿੱਚ ਵਰਤੇ ਗਏ ਸਭ ਅੱਖਰਾਂ ਦੇ ਅੰਕਾਂ ਦਾ ਕੁੱਲ ਜੋੜ ਵਿਅਕਤੀ ਦੇ ਦੇਹਾਂਤ ਦੇ ਸਾਲ ਬਰਾਬਰ ਹੁੰਦਾ। ਜ਼ਾਹਿਰ ਹੈ ਸ਼ਾਇਰੀ ਦੀ ਇਹ ਵਿਧੀ ਕਿੰਨੀ ਕਠਿਨ ਹੋਵੇਗੀ। ਸ਼ਿਅਰ ਨੂੰ ਬਹਿਰ, ਕਾਫੀਆ, ਰਦੀਫ, ਵਜ਼ਨ ਦੀ ਕਠੋਰ ਬੰਦਸ਼ ਵਿੱਚ ਰੱਖ ਕੇ ਉਪਯੁਕਤ ਸ਼ਬਦਾਂ ਦੁਆਰਾ ਕਿਸੇ ਖਾਸ ਨਿਸ਼ਚਿਤ ਅੰਕ ਤੇ ਪਹੁੰਚਣਾ, ਕਿਸੇ ਤੀਖਣ ਬੁੱਧੀ ਦਾ ਹੀ ਕੰਮ ਹੋ ਸਕਦਾ ਹੈ। 'ਪ੍ਰੀਤਮ' ਨੇ ਆਪਣੀ ਕਵਿਤਾ ਵਿੱਚ ਇਸ ਵਿਧੀ ਨੂੰ ਵਰਤ ਕੇ ਹੇਠ ਲਿਖੇ ਸ਼ਿਅਰ ਦੁਆਰਾ ਬਾਬਾ ਸਾਹਿਬ ਦੇ ਪਰੀਨਿਰਵਾਣ ਦੀ ਮਿਤੀ 1956 ਨੂੰ ਵੀ ਪ੍ਰਤੱਖ ਕਰ ਦਿੱਤਾ।

ਹਾਮੀਏ1 ਅਮਨ2 ਓ ਈਮਾਂ3 ਥਾ ਰਾਸਤੀ4 ਕਾ ਪਾਸਦਾਰ5

ਆਜ ਹਾਏ ਜੋ ਮੁਕੱਦਸ6 ਦੇਵਤਾ ਰੁਖ਼ਸਤ7 ਹੂਆ

1. ਸਮੱਰਥਕ 2. ਸ਼ਾਂਤੀ 3. ਆਸਥਾ 4. ਸੱਚਾਈ 5. ਤਰਫ਼ਦਾਰ 6. ਅਤਿ ਪ੍ਰਤਿਸ਼ਠ 7. ਵਿਦਾ ਹੋਇਆ

ਪ੍ਰੀਤਮ ਨੂੰ ਵਿਛੜੇ ਹੋਏ ਭਾਵੇਂ ਕਾਫੀ ਸਮਾਂ ਹੋ ਗਿਆ (ਦੇਹਾਂਤ 22.10.1991) ਲੇਕਿਨ ਉਸਦੀ ਉਜਾਲਾ ਅਤੇ ਅੰਬੇਡਕਰੀ ਅੰਦੋਲਨ ਪ੍ਰਤੀ ਨਿਭਾਈ ਗਈ ਭੂਮਿਕਾ ਹਮੇਸ਼ਾ ਯਾਦ ਰਹੇਗੀ।

ਕਵਿਤਾਵਾਂ ਦੁਆਰਾ ਉਜਾਲਾ ਦੀ ਫੁਲਵਾੜੀ ਨੂੰ ਹਰਿਆ ਭਰਿਆ ਰੱਖਣ ਲਈ ਜਿੱਥੇ ਮਿਹਰ ਚੰਦ 'ਮਿਹਰ' ਨੇ ਭਰਵਾਂ ਸਹਿਯੋਗ ਦਿੱਤਾ ਉੱਥੇ ਪੰਜਾਬੀ ਗ਼ਜ਼ਲ ਦੇ ਉੱਘੇ ਉਸਤਾਦ ਸ਼ਾਇਰ ਚਾਨਣ ਗੋਬਿੰਦਪੁਰੀ ਇਸ ਫੁਲਵਾੜੀ ਨੂੰ ਸਿੰਜਣ ਵਿੱਚ ਪਿੱਛੇ ਨਹੀਂ ਰਹੇ। ਉਨ੍ਹਾਂ ਦੀ ਪ੍ਰਸਿੱਧ ਕਵਿਤਾ (ਨਜ਼ਮ) 'ਐ ਭੀਮ ਝੁਕਤਾ ਹੈ ਸਰ=ਏ-ਗਰਦੂੰ ਤੇਰੇ ਆਗੇ'- ਬਾਬਾ ਸਾਹਿਬ ਦੀ ਮੌਜੂਦਗੀ ਵਿੱਚ ਪੜ੍ਹੀ ਗਈ, ਬਾਅਦ ਵਿੱਚ ਉਜਾਲਾ ਤੋਂ ਇਲਾਵਾ ਕਈ ਕਿਤਾਬਾਂ, ਕਈ ਅਖ਼ਬਾਰਾਂ ਵਿੱਚ ਵੀ ਛਪੀ ਇਸ ਨਜ਼ਮ ਦਾ ਇੱਕ ਬੰਦ ਨਮੂਨੇ ਵਜੋਂ ਦੇਖੋ :

ਹੈ ਫ਼ਹਿਮ ਓ ਫ਼ਰਾਸਤ1 ਪੈ ਜਿਨਹੇਂ ਅਪਨਾ ਬੜਾ ਨਾਜ਼2

ਸਮਝੋਂ ਜੋ ਸੁਖ਼ਨ3 ਅਪਨਾ ਹੀ ਇਸ ਦੇਸ਼ ਕੀ ਆਵਾਜ਼

ਬਤਲਾਤੇ ਫਿਰੇਂ ਜੱਗ ਮੇਂ ਜੋ ਅਪਨੇ ਤਈਂ ਸ਼ਾਹਬਾਜ਼4

ਚਿੜੀਓਂ ਕੀ ਤਰ੍ਹਾਂ ਕਰਤੇ ਹੈ ਚੂੰ-ਚੂੰ ਤੇਰੇ ਆਗੇ

ਐ ਭੀਮ ਝੁਕਤਾ ਹੈ ਸਰ ਏ ਗਰਦੂੰ5 ਤੇਰੇ ਆਗੇ

1. ਸੂਝ, ਦਾਨਾਈ, ਅਕਲਮੰਦੀ, 2. ਘੰਮਡ, 3. ਸ਼ਬਦ, 4. ਤਾਕਤਵਰ ਖਿਡਾਰੀ, 5. ਆਕਾਸ਼ ਦਾ ਸਿਰ

'ਉਜਾਲਾ' ਰਾਜਨੀਤਿਕ ਮੈਦਾਨ ਵਿੱਚ ਦਲਿਤ ਵਰਗਾਂ ਦਾ ਬੇਧੜਕ ਵਕਤਾ ਤਾਂ ਸੀ ਉਹ ਸਮਾਜਿਕ ਕਾਰਜਕਰਤਾ ਅਤੇ ਸਾਹਿਤਕਾਰਾਂ ਦਾ ਵੀ ਪ੍ਰਤਿਸ਼ਠਿਤ ਮੰਚ ਬਣ ਗਿਆ। ਮੇਰੇ ਇਸ ਪਤ੍ਰਿਕਾ ਤੋਂ ਜੁਦਾ ਹੋਣ ਪਿੱਛੋਂ ਕੁਝ ਸਮੇਂ ਤੱਕ ਸੰਪਾਦਨ ਦੀ ਜ਼ੁੰਮੇਵਾਰੀ ਸ੍ਰੀ ਕੇ.ਸੀ. ਲੀਲ ਨੇ ਪੂਰੇ ਜੋਸ਼ ਅਤੇ ਲਗਨ ਨਾਲ ਨਿਭਾਈ। ਸ੍ਰੀ ਲੀਲ ਦਿੱਲੀ ਤੋਂ ਸਰਕਾਰੀ ਸਰਵਿਸ ਛੱਡ ਕੇ ਬੂਟਾ ਮੰਡੀ (ਜਲੰਧਰ) ਆ ਗਏ ਸਨ, ਜਿੱਥੇ ਉਹ ਛੋਟਾ ਉਦਯੋਗ ਸ਼ੁਰੂ ਕਰ ਕੇ ਵਪਾਰ ਵਿੱਚ ਲੱਗ ਗਏ ਸਨ। ਉਨ੍ਹਾਂ ਨਾਲ ਮੇਰੀ ਪਹਿਲਾਂ ਹੀ ਜਾਣ ਪਛਾਣ ਸੀ ਅਤੇ ਉੱਥੇ ਸਾਥ ਸਾਥ ਰਹਿੰਦੇ ਇਹ ਮਿੱਤਰਤਾ ਹੋਰ ਵੱਧ ਗਈ। ਦਿੱਲੀ ਵਿੱਚ ਬਾਬਾ ਸਾਹਿਬ ਦੇ ਕਾਰਣ ਉਨ੍ਹਾਂ ਵਿੱਚ ਸਮਾਜ ਸੇਵਾ ਦੀ ਭਾਵਨਾ ਸੁਭਾਵਿਕ ਹੀ ਪੈਦਾ ਹੋ ਚੁੱਕੀ ਸੀ। ਇਸ ਮਾਹੌਲ ਵਿੱਚ ਉਨ੍ਹਾਂ ਨੇ 'ਉਜਾਲਾ' ਦੇ ਸ਼ੁਰੂ ਕੀਤੇ ਗਏ ਦਲਿਤ ਸੰਘਰਸ਼ ਦੇ ਮਾਰਚ ਨੂੰ ਆਪਣੀ ਲੇਖਣੀ ਦੁਆਰਾ ਉਸੇ ਤਰ੍ਹਾਂ ਗਰਮ ਰੱਖਿਆ। ਉਹ ਵੀ ਕੁਝ ਸਮੇਂ ਬਾਅਦ ਇੰਗਲੈਂਡ ਚਲੇ ਗਏ ਅਤੇ ਉੱਥੇ ਹੀ ਵਸ ਗਏ। ਇੰਗਲੈਂਡ ਵਿੱਚ ਉਨ੍ਹਾਂ ਨੇ ਬੁੱਧ ਅੰਬੇਡਕਰ ਸੰਸਥਾ ਸਥਾਪਿਤ ਕਰਕੇ ਮਿਸ਼ਨ ਨੂੰ ਪ੍ਰਫੁੱਲਿਤ ਕਰਨ ਵਿੱਚ ਜੋ ਯੋਗਦਾਨ ਪਾਇਆ ਉਹ ਹਮੇਸ਼ਾ ਯਾਦ ਕੀਤਾ ਜਾਵੇਗਾ। 'ਅੰਬੇਡਕਰੀ ਅੰਦੋਲਨ ਮੇਂ ਪੰਜਾਬੀਓ ਕਾ ਰੋਲ' ਉਨ੍ਹਾਂ ਦੀ ਇਕ ਯਾਦਗਾਰੀ ਰਚਨਾ ਹੈ। ਮੈਂ ਸਰਕਾਰੀ ਸਰਵਿਸ ਵਿੱਚ ਚਲਾ ਗਿਆ। ਫਿਰ ਵੀ ਉਜਾਲਾ ਦੀ ਯਾਦ ਨੂੰ ਭੁਲਾ ਨਹੀਂ ਸਕਿਆ। ਫਰਜ਼ੀ ਨਾਮਾਂ ਹੇਠ ਲੇਖ ਭੇਜ ਕੇ ਮੈਂ ਆਪਣੀਆਂ ਯਾਦਾਂ ਨੂੰ ਤਾਜ਼ਾ ਕਰਦਾ ਰਿਹਾ।

ਸ੍ਰੀ ਲੀਲ ਇੰਗਲੈਂਡ ਚਲੇ ਜਾਣ ਉਪਰੰਤ 'ਉਜਾਲਾ' ਦੀ ਲੋਅ ਦਾ ਮੱਧਮ ਪੈ ਜਾਣਾ ਸੁਭਾਵਿਕ ਹੀ ਸੀ। ਇਕ ਤਾਂ 1952 ਦੇ ਇਲੈਕਸ਼ਨਾਂ ਵਿੱਚ ਰਾਜਨੀਤਿਕ ਪੱਧਰ ਤੇ (ਸ਼ੈ.ਕਾ.ਫੈ) ਸ਼ਡਿਊਲਡ ਕਾਸਟ ਫੈਡਰੇਸ਼ਨ ਦਾ ਅਸਫਲ ਪ੍ਰਦਰਸ਼ਨ, ਦੂਜੇ ਪਾਰਟੀ ਲੀਡਰਾਂ ਦਾ ਇੱਕ ਇੱਕ ਕਰਕੇ ਪਾਰਟੀ ਛੱਡ ਜਾਣਾ। ਨਤੀਜੇ ਵਜੋਂ ਅਖ਼ਬਾਰ ਦਾ ਸਾਰਾ ਬੋਝ ਇਕੱਲੇ ਕਰਤਾਰਾ ਰਾਮ ਮਡਹਾਸ ਦੇ ਮੋਢਿਆਂ ਤੇ ਪੈ ਜਾਣ ਨਾਲ ਉਹ ਵੀ ਟੁੱਟਣ ਦੀ ਨੌਬਤ ਤੱਕ ਪਹੁੰਚ ਗਿਆ। ਇਹ ਦੁੱਖ ਦਾ ਵਿਸ਼ਾ ਹੈ ਜਿਹਾ ਕਿ ਪ੍ਰੀਤਮ ਨੇ ਮੈਨੂੰ ਵੇਰਵੇ ਸਹਿਤ ਜਾਣਕਾਰੀ ਦਿੱਤੀ, ਅਖ਼ਬਾਰ ਦੇ ਉਰਦੂ ਕਾਤਿਬ ਗੋਪਾਲ ਦਾਸ ਨੇ ਹੀ ਕੁਝ ਪੈਸਿਆਂ ਦੇ ਲੈਣ-ਦੇਣ ਦੇ ਚੱਕਰ ਵਿੱਚ ਪਤ੍ਰਿਕਾ ਤੇ ਮਾਲਿਕ ਦੀ ਹੈਸੀਅਤ ਵਿੱਚ ਕਬਜ਼ਾ ਕਰ ਲਿਆ। ਕਾਤਿਬ ਪਿਛਿਓਂ ਰੋਜ਼ਾਨਾ 'ਪ੍ਰਤਾਪ' ਨਾਲ ਸੰਬੰਧਿਤ ਸੀ ਅਤੇ ਖੁਦ ਇਕ ਮੈਗਜ਼ਿਨ 'ਫਿਲਮ ਦੀ ਕਲੀ' ਚਲਾ ਰਿਹਾ ਸੀ। ਉਸ ਨੇ 'ਉਜਾਲਾ' ਨੂੰ ਵੀ ਫਿਲਮੀ ਰਸਾਲਾ ਬਣਾ ਦਿੱਤਾ। ਜਿੱਥੇ ਇਸ ਪਤ੍ਰਿਕਾ ਵਿੱਚ ਦਲਿਤ ਸਮਾਜ ਦੀਆਂ ਦੁੱਖ ਤਕਲੀਫਾਂ ਦੇ ਬ੍ਰਿਤਾਂਤ ਛਪਦੇ ਸਨ ਅਤੇ ਦਲਿਤ ਸਮੱਸਿਆਵਾਂ ਤੇ ਚਰਚਾ ਹੁੰਦੀ ਸੀ, ਉਸ ਵਿੱਚ ਹੁਣ ਫਿਲਮੀ ਐਕਟ੍ਰੈਸਾਂ ਦੀਆਂ ਅੱਧ ਨਗਨ ਤਸਵੀਰਾਂ ਛਪਣ ਲੱਗ ਪਈਆਂ। ਇਹ ਬੜੀ ਸ਼ਰਮ ਦੀ ਗੱਲ ਸੀ। ਦਿੱਲੀ ਦੇ ਕੁਝ ਮਿੱਤਰਾਂ ਨੇ ਜਿਨ੍ਹਾਂ ਵਿੱਚ ਪਾਖਰ ਰਾਮ ਅਹੀਰ ਅਤੇ ਦਲੀਪ ਸਿੰਘ ਮੋਰਕ੍ਰੀਮਾ ਖਾਸ ਤੌਰ ਤੇ ਜ਼ਿਕਰ ਯੋਗ ਹਨ, ਨੇ ਇਸ ਘਟਨਾ ਨੂੰ ਬੜੀ ਗੰਭੀਰਤਾ ਨਾਲ ਮਹਿਸੂਸ ਕੀਤਾ। ਉਹ ਖੁਦ ਜਲੰਧਰ ਵਿੱਚ ਉਚੇ ਅਹੁਦਿਆਂ ਤੇ ਆ ਗਏ ਸਨ। ਉਨ੍ਹਾਂ ਨੇ ਆਪ ਕਾਤਿਬ ਨਾਲ ਲੈਣ ਦੇਣ ਦਾ ਹਿਸਾਬ ਨੱਕੀ ਕਰਕੇ 'ਉਜਾਲਾ' ਨੂੰ ਫਿਲਮੀ ਦੁਨੀਆਂ ਦੇ ਨਰਕ ਜਾਲ ਤੋਂ ਆਜ਼ਾਦ ਕਰਵਾ ਕੇ ਮਾਣ ਖਟਿਆ। ਜਦ ਇਹ ਪਤ੍ਰਿਕਾ ਅਖੀਰੀ ਰੂਪ ਵਿੱਚ ਬੰਦ ਹੋਈ, ਉਹ ਕਿਸੇ ਵੀ ਪ੍ਰਕਾਰ ਦੇ ਬਦਨੁਮਾ ਧੱਬੇ ਤੋਂ ਮੁਕਤ ਸੀ।

“इक्वालिटी एंड जस्टिस
“ पटियाला 24 अक्टूबर
INTERNATIONAL PAPER, 94636 01616
hardipchumber57@gmail.com

# हमारी आजादी की लड़ाई बाकी है- बाबा साहब

**बाबा साहेब कहते हैं**

**1935 के अधिनियमन लागू होने के बाद, भारतीय राष्ट्रीय कांग्रेस पार्टी ने 1937 में भारत के आधे राज्यों में सरकारें बनाईं और चतरवर्न के हिंदू लोगों ने 7 राज्यों के ब्राह्मण मुख्यमंत्री बनाए और मंत्री, विधायक और सांसद आदि भी बने। अब शासन, प्रशासन भारत चतरवर्न के लोगों के हाथों में था, फिर भी ये लोग खुद को अंग्रेजों का गुलाम मानते थे। 1947 में सत्ता परिवर्तन के बाद, अनुसूचित वर्ग के लोगों को लगभग वैसे ही समान अधिकार मिले जैसे कि ब्रिटिश शासन के दौरान चतरवर्न के हिंदुओं को थे। वर्तमान में अनुसूचित जाति के लोग मुख्यमंत्री, मंत्री, विधायक, सांसद बनते हैं, लेकिन वे अनुसूचित वर्ग के समाज के लोगों के समानता के अधिकारों को सुनिश्चित करवाने के लिए कुछ नहीं कर पा रहे।**

## ऐसे भगवानों की पूजा क्यों करें?

* जनता : 4 सितम्बर, 1937

बांद्रा, मुंबई के मुनिसिपल हॉल में 28 अगस्त, 1937 को डॉ. बाबासाहेब अम्बेडकर की अध्यक्षता में अस्पृश्य वर्ग की



बड़ी सार्वजनिक सभा हुई जिसमें निम्नलिखित प्रस्ताव पारित किए गए।

पहला प्रस्ताव - मुम्बई इलाका महार परिषद के प्रस्ताव के अनुसार हमारे भाई-बहन हिन्दू धर्म के त्यौहार व्रत आदि धार्मिक विधियों और उपवास आदि धार्मिक आचारों का पालन ना करें।

दूसरा प्रस्ताव- ब्रांदा म्युनिसिपालिटी में अस्पृश्य वर्ग के लिए एक जगह आरक्षित रखने के लिए में कलक्टर साहब के प्रति यह सभा धन्यवाद प्रकट करती है। हालांकि अस्पृश्यों की जनसंख्या के अनुपात में एक जगह नाकामी होने के कारण अधिक जगहें देने की विनती यह सभा कलक्टर साहब से करती है।

तीसरा प्रस्ताव- स्वतंत्र लेबर पार्टी के सदस्य बनने की विनती यह सभा जनता से करती है।

चौथा प्रस्ताव - श्री संभाजी तुकाराम गायकवाड के मानपत्र के लिए बांद्रा पंचायत से 25 रु. दिए जा रहे हैं। अन्य जगहों की पंचायतें भी इस काम में खुले हाथ से मदद दें।

इन प्रस्तावों पर श्री हु. तु. शिर्कि, स. भि. धोत्रे, अमरसिंह, शं त वडवलकर, ध. सो. जाधव, म. ग. जाधव, चां. ना. मोहिते, शां. अ. उपष्ठठाम, ना. भि. असगोतकर, बांद्रे स्कूल बोर्ड मेंबर आदि के भाषण हुए।

उसके बाद डॉ. बाबासाहेब अम्बेडकर बोलने के लिए उठकर खड़े हुए। सूचना देते हुए वह बोले, आज की सभा नवास कर धर्मांतरण के बारे में मुंबई इलाका महार परिषद द्वारा किए गए प्रस्ताव की याद दिलाने के लिए है। इसलिए धर्मांतरण के बारे में अगर कोई कुछ पूछना चाहें तो अवश्य पूछें। जब कोई भी अपनी आशंकाएं पूछने के लिए उठा नहीं तब डॉ. बाबासाहेब ने अपना भाषण शुरू किया। उन्होंने कहा,

प्रिय बहनों और भाइयो,

मैं इस सभा में आने वाला नहीं था। लेकिन फिर मुझे पता चला कि यहां पुरानी पद्धति से चिपके रहने वाले कुछ लोग हैं। वे महार परिषद द्वारा पारित किए गए धर्मांतरण के प्रस्ताव को पूरी तरह से अमल में नहीं लाते। ऐसे लोगों के मन में उठने वाली आशंकाओं को दूर करने के लिए मैं यहां आया हूं। अपनी राय मैंने इससे पहले भी कई बार सुनाई है। उसे लेकर आपके मन में कोई शक नहीं होना चाहिए। 1935 में हुई मुंबई इलाका महार परिषद असल में महार जाति के इतिहास में स्वर्णाक्षरों से लिख रखने जैसे हुई है। यह परिषद अपूर्व, प्रचंड और पूरी तरह से प्रतिनिधिक बनी है। सो ऐसी परिषद द्वारा पारित किए गए प्रस्ताव असल में पूरी महार जाति को मानने चाहिए। महार जाति वे बहुसंख्य लोग उन्हें मानते भी हैं। हालांकि महार जाति के बहुत कम लोग हैं जो अभी भी पुरानी परंपरा से चिपके हुए हैं ऐसा मैंने सुना है। ऐसे लोगों से मैं यह कहना चाहता हूं कि अल्पमत के लोगों को हमेशा बहुमत के लोगों के अनुसार चलना पड़ता है। आज की काउंसिल का ही उदाहरण लीजिए। आज काउंसिल में कॉंग्रेस का बहुमत है सो जो कानून वे बनाते हैं उन्हें हमें मान्यता देनी ही पड़ती हैं। जाति के लिए मिट्टी खानी पड़ती है, ऐसी एक कहावत है। सो जाति अगर धर्मांतरण का निर्णय लेती है तो उसे मानना क्या हमारा कर्त्तव्य नहीं है?

कई कामों के लिए हमें जाति के पास ही जाना पड़ता है। सो जाति अगर कोई प्रस्ताव बनाती है तो उसे हम क्यों ना मानें? हिन्दु धर्म के अनुसार हम जिन धार्मिक तीन त्यौहारों को मानते थे उन्हें मनाना हमें बंद कर देना चाहिए। आज इन्हें छोड़ देने का कारण मैं बताने जा रहा हूं वह थोड़ा अलग है। हिन्दु धर्म के अनुसार जो विधि किए जाते हैं वे धर्म ही नहीं नीति के नजरिए से भी सही होते हैं। क्या इस पर भी हमें सोचना चाहिए। कुछ विधियां बिलकुल अल-जलूल होती हैं उदा लोग शंकर भगवान के नाम से सोमवार का व्रत रखते हैं और शंकर की पिंडी की कई तरीकों से पूजा करते हैं। लेकिन क्या कभी किसी ने यह सोचा है कि असल में शंकर की पिंडी है क्या? वह और कुछ नहीं पुरुष-स्त्री की संभोग क्रिया की प्रतिमा है। ऐसी वीभत्स प्रतिमा की हम महिमा क्यों गाएं? सड़कों पर कुत्तों की तरह अगर नर-नारी वाहियात हरकतें करने लगें तो हम उनकी फूलों से पूजा करें या कि जूते से? तो फिर पार्वती- शंकर की इसी क्रिया की प्रतिमा यानी भगवान की वीभत्सता की क्या हमें पूजा करनी चाहिए? गणपति के साथ भी यह बात है। गणपति की कथा यह है कि एक बार पार्वती नहा रही थी । तब शंकर कहीं और गया था। तब नहाते समय कोई व्यवधान ना आए इसलिए पार्वती ने अपने बदन का मैल उतार कर उससे रक्षणकर्त्ता गणपति को बनाया। सौ, मैल से उत्पन्न अमंगल को भगवान कैसे माना जाए? लेकिन हिन्दू धर्म के भगवान बड़े विचित्र हैं। इसीलिए ईमानदारी से मुझे लगता है कि उनकी पूजा नहीं की जानी चाहिए ।

तीसरी बात है दतात्रेय की । अत्री ऋषि की पत्नी अनुसूया महान पतिव्रता है ऐसा नारद ने ब्रह्मा, विष्णु, महेश इन तीन भगवानों की पत्नियों से कहा। अपने से अधिक पतिव्रता कोई हो यह उनसे देखा नहीं गया। तब इन तीनों महिलाओं ने अपने पतियों से कहा कि वे अनुसूया के पतिव्रत का हरण करें। और पत्नियों की बात मान कर ये तीन वीर इस काम को अंजाम देने निकल भी पड़े। वे तीनों अनुसूया के घर गए। उसके पति को कुछ काम बतलाकर बाहर भेजा। और खुद अनुसूया के साथ रहे। इस सहवास से अनुसूया के एक बच्चे को जन्म दिया। इस बालक का जनकत्व देने लिए उसके तीन सिरों की कल्पना की गई। वही ये दत्तात्रेय हैं। कई लोगों को लगता है कि धर्मांतरण की लहर अब थम चुकी है। लेकिन ऐसा नहीं है। धर्मांतरण होने वाला है। मैंने यह आंदोलन नहीं छोड़ा है यह ध्यान में रखें कई हिन्दु लोग मुझसे कहते हैं कि “ आपके धर्मान्तरण की कल्पना के कारण हमारी आंखें खुल चुकी हैं। हम अब चौकन्ने हो चुके हैं। आपके प्रांत हमारे कर्त्तव्यों में अब हम चूकेंगे नहीं। इसलिए धर्मांतरण का आन्दोलन आप अब रोक दीजिए। लेकिन अब तक मैंने जो कुछ कहा है उन्हें वजहों के लिए मैं यह आंदोलन रोकना नहीं चाहता। आप पूरी तरह सोचिए । दूसरा धर्म अगर स्वीकारना है। तो पूरी तरह जांच-परख कर ही स्वीकारना होगा। उम्मीद करता हूं कि आगे से महार जाति के सभी लोग महार परिषद द्वारा किए गए प्रस्ताव के अनुसार ही पेश आएंगे।”

भाषण के बाद धन्यवाद समर्पण, फूलमाला, गुलदस्तों के अर्पण के बाद डॉ. अम्बेडकर की जयकार की ध्वनि के बीच सभा समाप्त हुई।

### (कल के लेख का भाकी भाग)

## समय और स्थितियों को अनुकूल बनाया जाए तो दुनिया की कोई भी शक्ति इस देश को एक होने से रोक नहीं सकती

“ महोदय, मुझे यह कहने की इजाजत दीजिए कि बलप्रयोग का असर केवल तात्कालिक होता है। उसके आधार पर केवल कुछ समय के लिए अधिकार प्राप्त किए जा सकते हैं। उन्हें हमेशा वश में रखने के लिए फिर से बल का प्रयोग करने की जरूरत को हमेशा के लिए खारिज नहीं किया जा सकता । जिस राष्ट्र को हमेशा अपने अधीन रखना हो उस पर इस प्रकार शासन नहीं चलाया जा सकता।

मेरी दूसरी आपत्ति प्रयोग में लाए जाने वाले बल के परिणामों को लेकर अनिश्चय के बारे में है। जरूरी नहीं कि बल के प्रयोग से हमेशा दहशत ही पैदा हो और तैयार सेना का मतलब जीत नहीं होता। जीत न पाने की स्थिति में फिर कोई मार्ग नहीं बचता। बातचीत असफल हो जाने पर केवल बल प्रयोग का मार्ग ही बचता है। लेकिन तब बल प्रयोग अगर असफल रहे तो बातचीत का कोई जरिया बाकी नहीं बचता । दया के बदले कभी-कभी सत्ता और अधिकार पाए जा सकते हैं लेकिन शक्ति का प्रयोग और पराजित हिंसा से सत्ता और अधिकार भीख में मांगे नहीं जा सकते.......

बल के प्रयोग के लिए मेरा विरोध इसलिए भी है कि हिंसा

“Equality and Justice”
“Equality and Justice” Rs- 100/month स्वतंत्रता, समानता, भाईचारा

के कारण कोशिश की पराकाष्ठा से जो आप पाएंगे उसे ही आप हानि पहुंचाएंगे। आप जो पाएंगे वह उसके मूल रूप में नहीं होगा, वह अवमूल्यित, बरबाद और विनाश के रूप में होगा। “

इन अनमोल शब्दों की ओर ध्यान न देना अनिष्टकारी हो सकता है।

हिंदू-मुस्लिम समस्या अगर बल के प्रयोग से हल करने की किसी की योजना हो तो, साफ शब्दों में कहता हूं कि उन्हें यह ध्यान में रखना होगा कि युद्ध के सहारे मुसलमानों को हरा कर उन्हें संविधान के दायरे में लाना हो तो उनकी सहमति के बगैर बने संविधान की शरण आने के लिए उन्हें बाध्य किया जाए तो इस देश को हमेशा के लिए इन्हीं कोशिश में लगे रहना होगा। एक बार की जीत हमेशा की जीत साबित नहीं होगी।

अब तक मैंने जितना समय लिया उससे अधिक समय मैं नहीं लेना चाहता। एक बार फिर बर्क को उद्धृत कर मैं भाषण को समाप्त करना चाहता हूं। बर्क ने एक जगह कहा है कि, ‘सत्ता देना आसान है, अकल देना मुश्किल है।’ इस सभा को प्राप्त सार्वभौम अधिकार का प्रयोग अकल के साथ करने के लिए हम तैयार हैं, यह हम अपने आचरण से साबित करेंगे। देश के सभी घटकों को अपने साथ ले चलने का यही एकमात्र उपाय है। एकता की ओर आगे बढ़ने का इसके अलावा कोई और मार्ग नहीं। इस बारे में आपके मन में कोई आशंका नहीं होनी चाहिए। “

# MP के भिंड में दलित युवक से दरिंदगी: बंधक बनाकर मारपीट और पेशाब पिलाया, अस्पताल पहुंचे मंत्री- भीम आर्मी सड़कों पर

**घटना के बाद दलित संगठनों का आक्रोश भी उभरकर सामने आया। आजाद समाज पार्टी और भीम आर्मी के कार्यकर्ता जिला अस्पताल पहुंच गए और कलेक्टर की गाड़ी रोककर विरोध दर्ज कराया।**

“इक्वालिटी एंड जस्टिस
“ पटियाला 24 अक्टूबर
INTERNATIONAL PAPER, 94636 01616
hardipchumber57@gmail.com




भोपाल। मध्यप्रदेश के भिंड ज़िले के सुरपुरा थाना क्षेत्र में दलित युवक के साथ हुई बर्बरता ने प्रदेश की राजनीति, प्रशासन और समाजिक संगठनों में हलचल पैदा कर दी है। पीड़ित ने आरोप लगाया है कि उसे ग्वालियर से जबरन उठाकर लाया गया, बंधक बनाकर बेरहमी से पीटा गया, जातिसूचक गालियाँ दी गईं और अमानवीय तरीके से पेशाब पिलाया गया। घटना सामने आने के बाद मामला इतना गंभीर हो गया कि मुख्यमंत्री डॉ. मोहन यादव ने खुद रिपोर्ट तलब की और दोषियों पर सख्त कार्रवाई के निर्देश दिए। इस बीच आजाद समाज पार्टी और भीम आर्मी के कार्यकर्ताओं ने प्रशासन के खिलाफ मोर्चा खोल दिया, जिससे अस्पताल से लेकर थाना और कलेक्टर कार्यालय तक तनाव का माहौल बना रहा। भीम आर्मी ने कहा है कि लगातार प्रदेश में दलितों पर अमानवीय अत्याचार की घटनाओं पर सड़कों पर प्रदर्शन किया जाएगा।

### जानिए क्या है? पूरा मामला

पीड़ित युवक के अनुसार कुछ आरोपियों ने उसे ग्वालियर से अगवा कर सुरपुरा क्षेत्र में लाकर बंधक बना लिया। युवक को बेसमेंट जैसे कमरे में बंद कर बेरहमी से पीटा गया। आरोप है कि हमलावरों ने उससे नाम पूछते हुए जातिसूचक शब्दों का प्रयोग किया और किसी तरह की शिकायत करने पर जान से मारने की धमकी दी। पीड़ित का कहना है कि जब वह दर्द से तड़प रहा था, तभी उसे अमानवीय रूप से पेशाब पिलाई गई। यह कृत्य न केवल कानून, बल्कि मानवीय संवेदनाओं को चोट पहुंचाने वाला है।

पीड़ित से मिलने अस्पताल पहुंचे मंत्री, बोले- “कानून का राज है, अन्याय नहीं होने देंगे”

घटना की के बाद प्रदेश के नवीकरणीय ऊर्जा मंत्री राकेश शुक्ला मंगलवार को भिंड जिला अस्पताल पहुंचे। उन्होंने पीड़ित से पूरे घटनाक्रम की जानकारी ली और लगभग आधे घंटे तक अस्पताल में मौजूद रहे। मंत्री के साथ कलेक्टर और एडिशनल एसपी ने भी मौके पर उपस्थित रहकर विस्तृत जानकारी साझा की।

मंत्री राकेश शुक्ला ने घटना पर प्रतिक्रिया व्यक्त करते हुए कहा कि यह प्रदेश डॉ. मोहन यादव की सरकार है, जहाँ कानून का राज सर्वोपरि है और किसी को भी अत्याचार करने की अनुमति नहीं दी जा सकती। उन्होंने आश्वस्त किया कि पीड़ित के साथ किसी भी प्रकार का अन्याय बर्दाश्त नहीं किया जाएगा और सरकार हर कदम पर उसके साथ खड़ी है। शुक्ला ने स्पष्ट कहा कि इस मामले में दोषियों को किसी भी कीमत पर छोड़ा नहीं जाएगा और उनके खिलाफ कठोरतम कार्रवाई तय है।

मंत्री के बयान के बाद यह

# UP में दलित युवती से छेड़छाड़ के खिलाफ आवाज उठाने पर पूरे परिवार को घर में घुसकर पीटा: पुलिस बोली- पटाखे को लेकर था विवाद, सोशल मीडिया पर भ्रामक खबर!

**थाना कोतवाली औरैया क्षेत्रांतर्गत ग्राम भरसेन में हुए विवाद के संबंध में क्षेत्राधिकारी नगर ने बताया मामला बच्चों के पटाखा जलाने को लेकर शुरू हुए विवाद का है जिसमे दोनों पक्षों के लोगों के विरुद्ध FIR दर्ज किया गया है और दोनों पक्षों के दो-दो लोगों को गिरफ्तार कर अग्रिम कारवाई की गयी है।**

“इक्वालिटी एंड जस्टिस” पटियाला 24 अक्टूबर
INTERNATIONAL PAPER, 9463601616
hardipchumber57@gmail.com



औरैया- उत्तर प्रदेश के औरैया जनपद के एक गाँव में दलित परिवार के साथ एक ऐसी हैवानियत भरी घटना सामने आई है, जो समाज की कुरूप तस्वीर पेश करती है। एक युवती के साथ छेड़छाड़ का विरोध करने की ‘सजा’ उसके पूरे परिवार को इस कदर दी गई कि मनबढ़ लोगों ने उनके घर में घुसकर उनकी जमकर पिटाई की और सरकार व जाति का दंभ भरते हुए जान से मारने की धमकी दी।

पीड़ित परिवार का आरोप है कि आरोपी खुलेआम कह रहे थे - “हमारी सरकार है, मुख्यमंत्री हमारे हैं।” घटना के बाद पुलिस भी एफआईआर दर्ज करने में आनाकानी कर रही है, जिससे पीड़ित परिवार इंसाफ की उम्मीद लिए उच्चाधिकारियों के सामने गुहार लगाने को मजबूर है।

जनपद के ग्राम भरसेन में दलित युवती के साथ छेड़छाड़ और उसके बाद हुए पारिवारिक विवाद ने गंभीर रूप ले लिया है। पीड़िता के परिवार का आरोप है कि विपक्षी पक्ष के लोगों ने न सिर्फ युवती का यौन शोषण किया, बल्कि बाद में उनके परिवार के सदस्यों की सामूहिक पिटाई करके जान से मारने की धमकी भी दी। सबसे गंभीर आरोप यह है कि आरोपीगण सत्ता और जातिगत दबदबे का दावा करते हुए खुलेआम गोली मारने की धमकी दे रहे हैं।

इस मामले को लेकर सोशल मीडिया में युवती द्वारा लिखित शिकायत की कॉपी और पीड़ित परिवारों की फोटोज वायरल होने पर औरैया पुलिस ने मामले का खंडन किया और दोनों पक्षों के बीच विवाद दीपावली की रात बच्चों द्वारा जलाए गए पटाखों के कारण होना बताया जिसमे दोनों पक्षों ने आपस में मारपीट की और चोटिल हुए।

पीड़िता के अनुसार उसके पड़ोस में रहने वाले क्षितिज उर्फ हीरू उर्फ वीरेश उस पर गंदी नजर रखते हैं और अश्लील इशारे करते हैं। डर के मारे और गरीबी व जातिगत दबाव के चलते परिवार ने इसका विरोध नहीं किया। दिनांक 20 अक्टूबर को शाम लगभग 7:00 बजे जब पीड़िता शौच के लिए खेत में गई, तो क्षितिज ने अचानक उसे पकड़ लिया और उनके नाजुक अंगों को दबोचकर छेड़छाड़ की। वह रोती हुई भागकर घर आई और घटना की जानकारी अपनी माँ को दी।

इसके बाद पीडिता के पिता ने आरोपियों के परिवार से शिकायत की। लेकिन विपक्षी पक्ष ने उल्टा उन्हें ही ‘चमार’ जाति का ताना देते हुए गलत आरोप लगाने का आरोप लगाया और कहा, “हमारी सरकार है, मुख्यमंत्री हमारे हैं, तुम्हारी क्या औकात?” इसके बाद रात लगभग 10:30 बजे, नौ लोगों का एक समूह तमंचे और लाठी-डंडे लेकर पीड़िता के घर पहुँचा।

हमलावरों ने दरवाजा धक्का देकर तोड़ा और चिल्लाते हुए कहा, “आज च%м$#रों को सबक सिखा दो, जान से मार दो।” उन्होंने पीडिता के भाईयों दीपक और सुशील और एक अन्य व्यक्ति को पीटा और आतंक का माहौल बनाया। पीडिता ने अपनी लिखित शिकायत में बताया कि आरोपियों ने एलान किया कि गाँव में रहना है तो सिर झुकाकर रहें, वरना आगे सरेआम गोली मार देंगे। धमकी दी गई कि “अब प्रदेश में बहुजन समाज पार्टी की सरकार नहीं आएगी, हमारा योगी ही रहेगा, ठाकुरबाद ही रहेगा।” घटना को आस पास के कई लोगों ने देखा।

पीड़िता के अनुसार घटना की शिकायत थाने में की गई, लेकिन थाना प्रभारी ने केवल चिकित्सीय जाँच करवाई और एफआईआर दर्ज करने से इनकार कर दिया। आरोप है कि पुलिस मामले को हल्के में ले रही है और आरोपियों के दबदबे के आगे झुक रही है। पीड़िता ने अब उच्च अधिकारियों से न्याय की गुहार लगाई है।

पत्रकार गौरव पाल ने चोटिल परिजनों की तस्वीरों के साथ पीडिता की तरफ से लिखित शिकायत x पर शेयर करते हुए लिखा, “ उत्तर प्रदेश में जाति और जातिवाद का आलम यह हो गया हैं कि औरैया के भरसेन क्षत्रिय वर्ण के दलितों के साथ मारपीट करते है तो FIR नहीं लिखी जाती,पुलिस मुख्यमंत्री के सजातीय लोगों पर करवाई करने से क्यों पीछे हट रही है? परिवार का आरोप हैं उनका मुकदमा नहीं लिखा गया थाने से उनको भगा दिया।”

पुलिस बोली सोशल मीडिया पर भ्रामक खबर

थाना कोतवाली औरैया क्षेत्रांतर्गत ग्राम भरसेन में हुए विवाद के संबंध में क्षेत्राधिकारी नगर ने बताया मामला दीवाली के दिन बच्चों के पटाखा जलाने को लेकर शुरू हुए विवाद का है जिसमे दोनों पक्षों के लोगों द्वारा गाली गलौज और पथराव किया गया जिससे दोनों पक्षों को चोटें आई हैं जिनका मेडिकल परीक्षण करवा कर दोनों पक्षों के विरुद्ध FIR दर्ज किया गया है और दोनों पक्षों के दो दो लोगों को गिरफ्तार कर अग्रिम कारवाई की गयी है। क्षेत्राधिकारी ने सोशल मीडिया में प्रसारित हो रही खबर का खंडन करते हुए इसे भ्रामक बताया।

साफ हो गया कि इस प्रकरण की मॉनिटरिंग सीधे सत्ता के शीर्ष स्तर से हो रही है।

### भीम आर्मी का प्रशासन पर हमला, FIR पर आपत्ति

घटना के बाद दलित संगठनों का आक्रोश भी उभरकर सामने आया। आजाद समाज पार्टी और भीम आर्मी के कार्यकर्ता जिला अस्पताल पहुंच गए और कलेक्टर की गाड़ी रोककर विरोध दर्ज कराया। उनका आरोप था कि पुलिस ने एफआईआर में सभी तथ्य दर्ज नहीं किए, खासकर बंदूक दिखाकर धमकाने का बिंदु एफआईआर से गायब है।

भीम आर्मी ने प्रशासन के समक्ष अपनी नाराज़गी जताते हुए साफ कहा कि पीड़ित को न्याय दिलाने के लिए कड़ी और पारदर्शी कार्रवाई ज़रूरी है। उन्होंने मांग रखी कि एफआईआर में दर्ज धाराओं को और मजबूत किया जाए ताकि अपराधियों को सज़ा से बचने का कोई रास्ता न मिले। साथ ही, पीड़ित की सुरक्षा सुनिश्चित करने और एफआईआर की प्रति तुरंत उपलब्ध कराने की मांग भी की गई। संगठनों का कहना है कि जब तक दोषियों को कठोर दंड नहीं मिलता, वे अपना आंदोलन जारी रखेंगे।

भीम आर्मी के नेता सुनील बैरसिया ने द मूकनायक से बातचीत में कहा कि प्रदेश में लगातार दलितों पर अत्याचार की घटनाएँ बढ़ती जा रही हैं, लेकिन प्रशासनिक व्यवस्था उतनी मजबूती से सक्रिय नहीं दिख रही। उन्होंने आरोप लगाया कि पुलिस-प्रशासन न तो समय पर कार्रवाई कर रहा है और न ही पीड़ितों को न्याय दिलाने के लिए गंभीरता दिखा रहा है। सुनील बैरसिया का कहना है कि यदि इसी तरह अत्याचार होते रहे और सिस्टम सुस्त बना रहा, तो दलित समुदाय का भरोसा शासन-प्रशासन से पूरी तरह उठ जाएगा।

अन्य सामाजिक संगठनों ने भी चेतावनी दी कि यदि न्याय में देरी हुई तो वे मुख्यमंत्री निवास तक मार्च करेंगे और सामूहिक प्रदर्शन करेंगे।

दो आरोपी गिरफ्तार तीसरा फरार, मेडिकल रिपोर्ट से तय होगी धाराएँ

एएसपी संजय पाठक ने बताया कि पुलिस ने त्वरित कार्रवाई करते हुए मुख्य आरोपी सोनू बरुआ और आलोक पाठक को गिरफ्तार कर जेल भेज दिया है, जबकि तीसरा आरोपी छोटू ओझा अभी फरार है और उसकी तलाश जारी है।

पुलिस ने कहा, की आरोपियों पर मारपीट, बंधक बनाने और SC/ST अत्याचार निवारण अधिनियम, 1989 के तहत प्रकरण पंजीबद्ध किया है। पुलिस ने यह भी कहा, कि पेशाब पिलाने जैसे गंभीर आरोप की पुष्टि मेडिकल रिपोर्ट और फ़ॉरेंसिक सबूतों के आधार पर होगी। रिपोर्ट आने के बाद धाराएँ और बढ़ाई जा सकती हैं।

### कांग्रेस का हमला

अनुसूचित जाति कांग्रेस के प्रदेश अध्यक्ष प्रदीप अहिरवार ने द मूकनायक से बातचीत में राज्य सरकार पर हमला बोला। उन्होंने कहा कि प्रदेश में कानून-व्यवस्था नाम की कोई चीज़ बची ही नहीं है और हालात पूरी तरह जंगल राज की तस्वीर पेश कर रहे हैं। अहिरवार ने आरोप लगाया कि दलितों पर लगातार हो रहे अत्याचार यह साफ दिखाते हैं कि सरकार न तो संवेदनशील है और न ही पीड़ित वर्ग की सुरक्षा को लेकर गंभीर।

अहिरवार ने कहा, “आज प्रदेश में दलितों की दुर्दशा किसी से छिपी नहीं है। आए दिन अत्याचार की खबरें सामने आ रही हैं, लेकिन सरकार और प्रशासन सिर्फ तमाशबीन बना हुआ है। जिनके अधिकारों और गरिमा की रक्षा संविधान ने सुनिश्चित की है, वही समुदाय आज सबसे ज्यादा असुरक्षित महसूस कर रहा है। हालात इतने भयावह हो चुके हैं कि पीड़ित परिवारों को न्याय दिलाने के लिए संगठनों को सड़कों पर उतरना पड़ रहा है। यह लोकतंत्र नहीं, अराजकता का संकेत है।”

उन्होंने आगे कहा कि अगर सरकार में जरा भी संवेदना होती तो दलितों पर हो रहे हमलों पर त्वरित, कड़ी और निष्पक्ष कार्रवाई की जाती। “जब अपराधी बेखौफ हों और पीड़ित भय में, तो समझ लेना चाहिए कि सत्ता की नीतियों में गंभीर खामी है।”

# बहन मायावती जी हैं जिन्होंने ग़रीबों को बिना मांगे 3 एकड़ जमीन मुफ़्त में दी.

“इक्वालिटी एंड जस्टिस” पटियाला 24 अक्टूबर
INTERNATIONAL PAPER, 9463601616
hardipchumber57@gmail.com

चरनजीस सल्हा (बंगा) -ये वही बहन मायावती जी हैं जिन्होंने ग़रीबों को बिना मांगे 3 एकड़ जमीन मुफ़्त में दी. वही मायावती जी है जिन्होंने बिना मांगे प्रमोशन में आरक्षण दिया. वही मायावती जी है जिन्होंने बिना किसी मांग के उत्तर प्रदेश के कई ज़िलों का नाम बहुजन महापुरुषों के नाम पर रखा और बहुजन महापुरुषों के नाम पर बड़े बड़े पार्क व स्कूल कालेज बनाये यह जानते हुये भी कि ये सब करने के बाद वो सत्ता में आए न आए।

अरे यही वो आयरन लेडी बहन मायावती जी महिला हैं जो उस दौर में जब आपकी पत्नी बेटी व मां घर मे घूंघट में रहती थी सड़क पर निकल नही सकती थी तब यह लालटेन की रोशनी में गलियों में समाज को जगाने निकली थी. अगर मायावती जी किसी सवर्ण के घर मे जन्म लेती तो 5 बार देश की प्रधानमंत्री बन गई होती नही भी होती तो उसके संघर्षो को उसका समाज कभी नही भूलता।

अगर नही तो अपने घर की किसी कुवांरी बेटी या बहन को समाज जगाने के लिए किसी नुक्कड़ न सहा किसा मच पर भेजकर देखो तब बहनजी की असली मेहनत का पता नहीं चले तो बताना



# प्रतिभा और परिश्रम के आगे कोई बाधा टिक नहीं सकती,सच्ची योग्यता को अपनी मंज़िल अवश्य मिलती है : प्रो. रवि कांत मिश्रा

“इक्वालिटी एंड जस्टिस” पटियाला 24 अक्टूबर
INTERNATIONAL PAPER, 9463601616
hardipchumber57@gmail.com

लोंगोवाल,24 अक्टूबर (जगसीर सिंह)- संत लोंगोवाल इंस्टीट्यूट ऑफ इंजीनियरिंग एंड टेक्नोलॉजी , लोंगोवाल की 2019–2020 बैच की इलेक्ट्रॉनिक्स एंड कम्युनिकेशन इंजीनियरिंग की पूर्व छात्रा सुश्री अमृतांजली दुबे ने संस्थान का नाम राष्ट्रीय स्तर पर गौरवान्वित किया है। उन्होंने अपनी प्रतिभा, लगन और आत्मविश्वास के बल पर विश्व की शीर्ष प्रौद्योगिकी कंपनियों माइक्रोसॉफ्ट और गूगल से नियुक्ति के प्रस्ताव प्राप्त किए हैं। इस उपलब्धि की जानकारी देते हुए प्रो. रवि कांत मिश्रा, डीन (पूर्व छात्र एवं औद्योगिक संबंध), ने बताया कि सुश्री अमृतांजली दुबे की यह सफलता न केवल उनकी व्यक्तिगत मेहनत का परिणाम है, बल्कि यह एस.एल.आई.ई.टी. में संचालित गुणवत्तापूर्ण शिक्षा, नवाचार-उन्मुख वातावरण और संस्थान की सतत शैक्षणिक उत्कृष्टता का जीवंत उदाहरण भी है। उन्होंने कहा कि यह उपलब्धि उन सभी विद्यार्थियों के लिए प्रेरणास्रोत है जो यह मानते हैं कि अवसर केवल प्रतिष्ठित संस्थानों तक सीमित नहीं हैं। दृढ़ निश्चय और सच्चे प्रयास से कोई भी विद्यार्थी अपनी पहचान स्वयं बना सकता है। इस गौरवपूर्ण अवसर पर प्रो. मणि कांत पासवान, निदेशक एस.एल.आई.ई.टी., प्रो. रवि कांत मिश्रा, सभी डीन, विभागाध्यक्ष एवं संकाय सदस्यों ने सुश्री अमृतांजली दुबे को उनकी इस असाधारण सफलता के लिए हार्दिक शुभकामनाएँ और बधाई दीं। संस्थान परिवार ने आशा व्यक्त की है कि सुश्री दुबे भविष्य में भी अपनी प्रतिभा, निष्ठा और मेहनत से देश का नाम रोशन करेंगी और एस.एल.आई.ई.टी. के भावी छात्रों के लिए एक प्रेरणादायक उदाहरण बनेंगी।



# ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**“ਇਕੁਐਲਿਟੀ ਐਂਡ ਜਸਟਿਸ” ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ ‘ਪੰਚਸ਼ੀਲ’ ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ ‘ਮਨ ਦੀ ਸਮਾਧੀ’ ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸ਼ੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ

